# ਪੰਚਾਇਤ ਸੰਮਤੀ ਦੇ ਚੁਣੇ ਹੋਏ ਪ੍ਰਤੀਨਿਧਾਂ ਅਤੇ ਕਰਮਚਾਰੀਆਂ ਦੇ ਸਮਰੱਥਾ ਨਿਰਮਾਣ ਸਬੰਧੀ ਮਾਰਗ ਦਰਸ਼ਿਕਾ






ਪੰਚਾਇਤੀ ਰਾਜ

ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾ (SIRD), ਪੰਜਾਬ ਸਰਕਾਰ

ਅਤੇ

ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (CRRID), ਚੰਡੀਗੜ੍ਹ

# ਵਿਸ਼ਾ-ਵਸਤੂ


| ਲੜੀ ਨੰਬਰ | | ਪੰਨਾ ਨੰਬਰ |
|---|---|---|
| 1) | ਪੰਚਾਇਤ ਸੰਮਤੀ: ਮੁੱਢਲੀ ਜਾਣਕਾਰੀ | 1 |
| 2) | ਪੰਚਾਇਤ ਸੰਮਤੀ ਦੇ ਚੇਅਰਮੈਨ ਦੀਆਂ ਸ਼ਕਤੀਆਂ, ਕਾਰਜ ਅਤੇ ਕਰੱਤਵ | 2 |
| 3) | ਪੰਚਾਇਤ ਸੰਮਤੀ ਦੀਆਂ ਮੀਟਿੰਗਾਂ ਕਰਨ ਲਈ ਲੋਂੜੀਂਦੇ ਤਰੀਕੇ | 2 |
| 4) | ਪੰਚਾਇਤ ਸੰਮਤੀ ਦੇ ਕੰਮ | 3 |
| 5) | ਪੰਚਾਇਤ ਸੰਮਤੀ ਦੀ ਗਰਾਮ ਪੰਚਾਇਤਾਂ ਤੇ ਨਿਗਰਾਨੀ | 4 |
| 6) | ਪੰਚਾਇਤ ਸੰਮਤੀ ਦੀਆਂ ਸਥਾਈ ਕਮੇਟੀਆਂ | 4 |
| 7) | ਪੰਚਾਇਤ ਸੰਮਤੀ ਦੀਆਂ ਸਥਾਈ ਕਮੇਟੀਆਂ ਦੇ ਕੰਮ | 5 |
| 8) | ਆਮਦਨ ਤੇ ਖਰਚੇ ਦੇ ਸਲਾਨਾ ਅਨੁਮਾਨਿਤ ਬੱਜਟ | 5 |
| 9) | ਪੰਚਾਇਤ ਸੰਮਤੀਆਂ ਦੁਆਰਾ ਕਰ (ਟੈਕਸ) ਲਗਾਉਣ ਦੇ ਤਰੀਕੇ | 6 |

# ਅਧਿਆਇ 1
# ਪੰਚਾਇਤ ਸੰਮਤੀ : ਮੁੱਢਲੀ ਜਾਣਕਾਰੀ

ਪੰਜਾਬ ਦੀ ਲੱਗਪੱਗ 65 ਪ੍ਰਤੀਸ਼ਤ ਆਬਾਦੀ ਪਿੰਡਾਂ ਦੀ ਵਸਨੀਕ ਹੈ। ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੇ ਕਥਨ ਅਨੁਸਾਰ "ਆਜ਼ਾਦੀ ਹੇਠਲੇ ਪੱਧਰ ਤੋਂ ਸੁਰੂ ਹੋਣੀ ਚਾਹੀਦੀ ਹੈ । ਜੇਕਰ ਅਸੀਂ ਭਾਰਤ ਨੂੰ ਖੁਸ਼ਹਾਲ ਵੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਸਭ ਤੋਂ ਪਹਿਲਾਂ ਇਸ ਦੇ ਪਿੰਡਾਂ ਦਾ ਵਿਕਾਸ ਕਰਨਾ ਬੜਾ ਜਰੂਰੀ ਹੈ । ਸੰਵਿਧਾਨ ਦੇ ਆਰਟੀਕਲ 40 ਦੇ ਤਹਿਤ ਹਰ ਪਿੰਡ ਵਿਚ ਪੰਚਾਇਤ ਦੀ ਸਥਾਪਨਾ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ । ਉਸ ਤੋਂ ਬਾਅਦ ਇਸ ਪਰਕ੍ਰਿਆ ਨੂੰ ਹੋਰ ਅੱਗੇ ਤੋਰਦੇ ਹੋਏ 1952 ਵਿਚ ਸਮੁਦਾਇਕ ਵਿਕਾਸ ਪ੍ਰੋਗਰਾਮ (Community Development Programme) ਸ਼ੁਰੂ ਕਰਨ ਨਾਲ ਅਜੋਕੇ ਭਾਰਤ ਵਿਚ ਦਿਹਾਤੀ ਸਰਕਾਰ ਭਾਵ ਪੰਚਾਇਤੀ ਰਾਜ ਸੰਸਥਾਵਾਂ ਉੱਤੇ ਇਸਦਾ ਕਾਫੀ ਪ੍ਰਭਾਵ ਰਿਹਾ । ਇਸ ਪ੍ਰੋਗਰਾਮ ਤਹਿਤ ਪਿੰਡਾਂ ਦੀ ਸੰਚਾਰ ਪ੍ਰਣਾਲੀ ਵਿਚ ਸੁਧਾਰ, ਸਿਹਤ ਅਤੇ ਸਿੱਖਿਆ ਵਿਚ ਪਿੰਡ ਦੇ ਸਮਾਜਿਕ ਅਤੇ ਆਰਥਿਕ ਜੀਵਨ ਨੂੰ ਪ੍ਰਫੁੱਲਤ ਕਰਨ ਦੀ ਜ਼ਿੰਮੇਵਾਰੀ ਖੁਦ ਲੋਕਾਂ ਨੂੰ ਦਿੱਤੀ ਗਈ ।

ਪਰ 1957 ਵਿਚ ਪੰਚਾਇਤੀ ਰਾਜ ਦੇ ਸੁਧਾਰਾਂ ਹਿੱਤ ਬਣਾਈ ਬਲਵੰਤ ਰਾਏ ਮਹਿਤਾ ਕਮੇਟੀ ਨੇ ਇਹ ਮਹਿਸੂਸ ਕੀਤਾ ਕਿ ਸਮੁਦਾਇਕ ਪ੍ਰੋਗਰਾਮ ਲੋਕਾਂ ਦਾ ਪ੍ਰੋਗਰਾਮ ਨਾ ਹੋ ਕੇ ਸਿਰਫ ਸਰਕਾਰੀ ਪੱਧਰ ਤੱਕ ਸਿਮਟ ਕੇ ਰਹਿ ਗਿਆ । ਮਹਿਤਾ ਕਮੇਟੀ ਨੇ ਲੋਕਾਂ ਦੀ ਸ਼ਮੂਲੀਅਤ ਨੂੰ ਜ਼ਿਆਦਾ ਅਰਥ ਭਰਪੂਰ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਾਨੂੰਨੀ ਤੌਰ ਤੇ ਲੋੜੀਂਦੇ ਸੰਸਥਾਗਤ ਪ੍ਰਬੰਧ ਦੀ ਲੋੜ ਤੇ ਜ਼ੋਰ ਦਿੱਤਾ । ਪੰਜਾਬ ਵਿਚ ਇਹੋ ਜਿਹੀ ਪੰਚਾਇਤੀ ਰਾਜ ਵਿਵਸਥਾ ਦੀ ਸਥਾਪਨਾ ਪੰਚਾਇਤੀ ਰਾਜ ਐਕਟ 1961 ਦੇ ਅਨੁਸਾਰ ਤਿੰਨ ਪੱਧਰੀ ਵਿਵਸਥਾ ਗ੍ਰਾਮ ਪੰਚਾਇਤ, ਪੰਚਾਇਤ ਸੰਮਤੀ, ਜਿਲਾ ਪ੍ਰੀਸ਼ਦ ਦੇ ਤੌਰ ਤੇ ਕੀਤੀ ਗਈ।

ਉਸ ਤੋਂ ਬਾਅਦ ਕਾਫੀ ਸਮੇਂ ਤੱਕ ਪੰਚਾਇਤ ਸੰਮਤੀ ਅਤੇ ਜ਼ਿਲਾ ਪ੍ਰੀਸ਼ਦ ਦੀ ਚੋਣ ਲਗਾਤਾਰ ਨਾ ਹੋਣ ਕਾਰਨ ਪੰਚਾਇਤ ਸੰਮਤੀ ਅਤੇ ਜਿਲਾ ਪ੍ਰੀਸ਼ਦ ਲੱਗਪੱਗ ਕਾਰਜਹੀਣ ਹੋ ਗਈ ਸੀ । ਪਰ ਸੰਵਿਧਾਨ ਦੀ 73ਵੀਂ ਸੋਧ ਜੋ ਕਿ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੀ ਸੋਚ ਤੇ ਫੁੱਲ ਚੜਾਉਦਿਆਂ ਅਗਲੇ ਪ੍ਰਧਾਨ ਮੰਤਰੀ ਸ੍ਰੀ ਪੀ.ਵੀ.ਨਰਸਿਮਾ ਰਾਓ ਜੀ ਦੁਆਰਾ 1992 ਵਿੱਚ ਕੀਤੀ ਗਈ । ਜਿਸ ਅਨੁਸਾਰ ਪਹਿਲੇ ਸੰਸਥਾਗਤ ਢਾਂਚੇ ਨੂੰ ਪੁਨਰ ਸੁਰਜੀਤ ਕਰਨ ਲਈ ਜ਼ਰੂਰੀ ਨਿਰਦੇਸ਼ ਦਿੱਤੇ ਗਏ। ਅਜਿਹੇ ਨਿਰਦੇਸ਼ਾਂ ਦੀ ਉਲੰਘਣਾਂ ਦੇ ਸਬੰਧ ਵਿਚ ਸਖਤੀ ਕਰਨ ਲਈ ਲਿਖਿਆ ਗਿਆ।

ਪੰਜਾਬ ਨੇਂ ਵੀ 1994 ਵਿਚ ਪੰਚਾਇਤ ਰਾਜ ਐਕਟ ਹੋਂਦ ਵਿਚ ਲਿਆਂਦਾ ਜਿਸ ਅਨੁਸਾਰ ਤਿੰਨ ਪੱਧਰੀ ਢਾਂਚੇ ਦੀ ਬਣਤਰ ਨੂੰ ਸਹੀ ਵਿਵਸਥਾ ਵਿਚ ਲਾਗੂ ਕਰਨ ਤੇ ਜ਼ੋਰ ਦਿੱਤਾ ਗਿਆ ।
ਪੰਚਾਇਤ ਸੰਮਤੀ ਪੰਚਾਇਤੀ ਰਾਜ ਦੇ ਤਿੰਨ ਪੱਧਰੀ ਸਿਸਟਮ ਦਾ ਵਿਚਕਾਰਲਾ ਪੱਧਰ ਹੈ । ਇਸ ਦੀ ਰਚਨਾ ਬਲਾਕ ਪੱਧਰ ਤੇ ਕੀਤੀ ਜਾਂਦੀ ਹੈ ।ਪੰਚਾਇਤੀ ਰਾਜ ਐਕਟ ਦੀ ਧਾਰਾ 99 ਅਧੀਨ ਪੰਚਾਇਤ ਸੰਮਤੀ ਦੇ ਇਲਾਕਾਈ ਚੋਣ ਹਲਕਿਆਂ ਜਿਸ ਦੀ ਵਸੋਂ 90 ਹਜ਼ਾਰ ਤੋਂ ਇੱਕ ਲੱਖ ਹੋਵੇ ਤੋਂ ਸਿੱਧੇ ਤੋਰ ਤੇ ਚੁਣੇ ਗਏ ਮੈਂਬਰਾਂ ਦੀ ਗਿਣਤੀ 15 ਹੋਵੇਗੀ, ਜਿੱਥੋ ਤਕ ਹਰ ਚੋਣ ਹਲਕੇ ਦੀ ਵਸੋਂ ਦੀ ਇਕਸਾਰਤਾ ਬਾਰੇ ਵਿਵਹਾਰਕ ਹੋਵੇ । ਇੱਕ ਸੰਮਤੀ ਮੈਂਬਰ ਲੱਗਭਗ ਛੇ ਹਜ਼ਾਰ ਤੱਕ ਦੀ ਵਸੋਂ ਦੀ ਪ੍ਰਤੀਨਿਧਤਾ ਕਰੇਗਾ । ਜਿਸ ਪੰਚਾਇਤ ਸੰਮਤੀ ਦੀ ਵਸੋਂ ਇਕ ਲੱਖ ਪੰਜ਼ਾਹ ਹਜਾਰ ਤੋਂ ਵੱਧ ਹੋਵੇ ਉਥੇ ਵੀ ਅਜਿਹੇ ਮੈਬਰਾਂ ਦੀ ਗਿਣਤੀ 25 ਤੋਂ ਵੱਧ ਨਹੀਂ ਹੋਵੇਗੀ । ਇਸ ਦੀ ਚੋਣ ਪਰਕ੍ਰਿਆ ਅਤੇ ਰਾਖਵਾਂਕਰਨ ਸਬੰਧੀ ਰਾਜ ਸਰਕਾਰ ਨੂੰ ਅਧਿਕਾਰ ਪ੍ਰਦਾਨ ਕੀਤੇ ਗਏ ਹਨ । ਪੰਚਾਇਤ ਸੰਮਤੀ ਦੀਆਂ 50% ਸੀਟਾਂ ਇਸਤਰੀਆਂ ਲਈ ਰਾਖਵੀਆਂ ਕਰਨੀਆ ਜ਼ਰੂਰੀ ਹਨ । ਬਾਕੀ ਹਲਕਿਆਂ ਵਿਚ ਅਨੁਸੂਚਿਤ ਜਾਤੀ ਦੇ ਵਾਧੇ ਅਤੇ ਇਲਾਕੇ ਦੀ ਵਸੋਂ ਦੀ ਅਨੁਪਾਤ ਦੇ ਅਨੁਸਾਰ ਵੱਖ ਵੱਖ ਪਛੜੀਆਂ ਸ੍ਰੇਣੀਆਂ ਲਈ ਰਾਖਵੀਂ ਹੋਵੇਗੀ । ਇਸ ਵਿਚ ਪਛੜੀਆਂ ਸ੍ਰੇਣੀਆਂ ਦੀ ਵਸੋਂ, ਪੰਚਾਇਤ ਸੰਮਤੀ ਇਲਾਕੇ ਦੀ ਕੁੱਲ ਵਸੋਂ ਦਾ ਵੀਹ ਪ੍ਰਤੀਸ਼ਤ ਤੋਂ ਘੱਟ ਨਾ ਹੋਵੇ ।

## ਪੰਚਾਇਤ ਸੰਮਤੀ ਦੀ ਸਥਾਪਨਾ

(ਧਾਰਾ 98)

ਪੰਚਾਇਤ ਸੰਮਤੀ, ਪੰਚਾਇਤੀ ਰਾਜ ਸੰਸਥਾਵਾਂ ਦੇ ਤਿੰਨ ਪੱਧਰੀ ਢਾਂਚੇ ਦਾ ਵਿਚਕਾਰਲਾ ਪੱਧਰ ਹੈ ਜੋ ਕਿ ਬਲਾਕ ਪੱਧਰ ਤੇ ਬੈਠ ਕੇ ਆਪਣੇ ਅਧੀਨ ਖੇਤਰ ਦੀਆਂ ਪੰਚਾਇਤਾਂ ਦੇ ਕੰਮਾਂ ਦੀ ਨਿਗਰਾਨੀ ਕਰਦੀ ਹੈ।

## ਬਣਤਰ

(ਧਾਰਾ 99)

ਪੰਚਾਇਤੀ ਰਾਜ ਐਕਟ ਦੀ ਧਾਰਾ 99 ਅਧੀਨ ਪੰਚਾਇਤ ਸੰਮਤੀ ਦੇ 15 ਤੋਂ 20 ਮੈਂਬਰ ਸੰਮਤੀ ਦੇ ਇਲਾਕਾਈ ਚੋਣ ਹਲਕਿਆਂ ਤੋਂ ਧਾਰਾ 100 ਅਧੀਨ ਸਿੱਧੇ ਤੌਰ ਤੇ ਚੁਣੇ ਜਾਣਗੇ

- ਪੰਜਾਬ ਰਾਜ ਵਿਧਾਨ ਸਭਾ ਦੇ ਉਹ ਮੈਂਬਰ ਜਿਨ੍ਹਾਂ ਦੇ ਚੋਣ ਹਲਕੇ ਦਾ ਬਹੁਤਾ ਹਿੱਸਾ ਪੰਚਾਇਤ ਸੰਮਤੀ ਦੇ ਖੇਤਰ ਵਿੱਚ ਪੈਂਦਾ ਹੋਵੇ
- ਪੰਜਾਬ ਰਾਜ ਦੀ ਵਿਧਾਨ ਪ੍ਰੀਸ਼ਦ ਦੇ ਮੈਂਬਰ, ਜੇਕਰ ਕੋਈ ਹੋਣ, ਜੋ ਪੰਚਾਇਤ ਸੰਮਤੀ ਖੇਤਰ ਅੰਦਰ ਵੋਟਰ ਵਜੋਂ ਦਰਜ ਹੋਣ
- ਪੰਚਾਇਤ ਸੰਮਤੀਆਂ ਦੇ ਮੈਂਬਰ ਭਾਵੇਂ ਪੰਚਾਇਤ ਸੰਮਤੀਆਂ ਦੇ ਇਲਾਕਾਈ ਚੋਣ ਵਿੱਚੋਂ ਸਿੱਧੇ ਤੌਰ ਤੇ ਚੁਣੇ ਗਏ ਹੋਣ ਜਾਂ ਨਾ, ਪੰਚਾਇਤ ਸੰਮਤੀ ਦੀਆਂ ਮੀਟਿੰਗਾਂ ਵਿੱਚ, ਇਸ ਦੇ ਚੇਅਰਮੈਨ ਜਾਂ ਵਾਈਸ-ਚੇਅਰਮੈਨ ਦੀਆਂ ਚੋਣਾਂ ਜਾ ਹਟਾਉਣ ਤੋਂ ਇਲਾਵਾ, ਵੋਟ ਦੇਣ ਦੇ ਅਧਿਕਾਰੀ ਹੋਣਗੇ

## ਮਿਆਦ

(ਧਾਰਾ 103)

1) ਹਰੇਕ ਪੰਚਾਇਤ ਸਮੰਤੀ, ਜੇਕਰ ਇਸ ਐਕਟ ਵਿੱਚ ਹੋਰ ਉਪਬੰਧ ਨਾ ਕੀਤਾ ਗਿਆ ਹੋਵੇ, ਤਾਂ ਧਾਰਾ 116 ਵਿੱਚ ਦੱਸੀ ਗਈਪਹਿਲੀ ਮੀਟਿੰਗ ਲਈ ਰੱਖੀ ਗਈ ਮਿਤੀ ਤੋਂ ਪੰਜ ਸਾਲਾਂ ਦੀ ਮਿਆਦ ਤੱਕ ਰਹੇਗੀ ਅਤੇ ਇਸ ਤੋਂ ਵੱਧ ਨਹੀਂ
2) ਉਸ ਸਮੇਂ ਲਾਗੂ ਕਿਸੇ ਕਾਨੂੰਨ ਦੀ ਕੋਈ ਸੋਧ ਉੱਪ ਧਾਰਾ (1) ਵਿੱਚ ਦੱਸੀ ਮਿਆਦ ਦੇ ਖਤਮ ਹੋਣ ਤੱਕ ਅਜਿਹੀ ਪੰਚਾਇਤ ਸਮਿਤੀ ਨੂੰ ਭੰਗ ਕਰਨ ਦਾ ਕਾਰਨ ਨਹੀਂ ਬਣੇਗੀ ਜਿਹੜੀ ਅਜਿਹੀ ਸੋਧ ਤੋਂ ਤੁਰੰਤ ਪਹਿਲਾਂ ਕੰਮ ਕਰ ਰਹੀ ਹੋਵੇ
3) ਪੰਚਾਇਤ ਸਮਿਤੀ ਬਣਾਉਣ ਲਈ ਚੋਣ-
   (ੳ) ਉੱਪ ਧਾਰਾ (1) ਵਿੱਚ ਦੱਸੀ ਇਸ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ
   (ਅ) ਇਸ ਨੂੰ ਭੰਗ ਕੀਤੇ ਜਾਣ ਦੀ ਹਾਲਤ ਵਿੱਚ ਇਸ ਦੇ ਭੰਗ ਕੀਤੇ ਜਾਣ ਦੀ ਤਰੀਕ ਤੋਂ ਛੇ ਮਹੀਨਿਆਂ ਦਾ ਸਮਾਂ ਖ਼ਤਮ ਹੋਣ ਤੋਂ ਪਹਿਲਾਂ ਮੁਕੰਮਲ ਕੀਤੀ ਜਾਵੇਗੀ
4) ਕਿਸੇ ਪੰਚਾਇਤ ਸਮਿਤੀ ਨੂੰ ਭੰਗ ਕੀਤੇ ਜਾਣ ਤੇ ਉਸ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਜਿਹੜੀ ਪੰਚਾਇਤ ਸਮਿਤੀ ਕਾਇਮ ਕੀਤੀ ਜਾਵੇਗੀ ਉਸ ਦੀ ਮਿਆਦ ਉਨ੍ਹੇ ਚਿਰ ਲਈ ਹੋਵੇਗੀ, ਜਿੰਨਾ ਚਿਰ ਕਿ ਭੰਗ ਨਾ ਕੀਤੇ ਜਾਣ ਦੀ ਸੂਰਤ ਵਿੱਚ ਅਜਿਹੀ ਪੰਚਾਇਤ ਸਮਿਤੀ ਉਪ ਧਾਰਾ (1) ਅਧੀਨ ਕਾਇਮ ਰਹਿਣੀ ਸੀ।

## ਕਾਰਜਕਾਰਨੀ:

ਪੰਚਾਇਤ ਸੰਮਤੀ ਦਾ ਮੁਖੀ ਚੇਅਰਮੈਨ ਹੁੰਦਾ ਹੈ ਅਤੇ ਵਾਈਸ ਚੇਅਰਮੈਨ ਜੋ ਕਿ ਚੇਅਰਮੈਨ ਦੀ ਗੈਰਹਾਜ਼ਰੀ ਵਿੱਚ ਸੰਮਤੀ ਦਾ ਕੰਮ-ਕਾਰ ਚਲਾਉਂਦਾ ਹੈ । ਚੇਅਰਮੈਨ ਅਤੇ ਵਾਈਸ-ਚੇਅਰਮੈਨ ਦੀ ਚੋਣ ਸੰਮਤੀ ਦੇ ਮੈਬਂਰਾਂ ਦੁਆਰਾ ਕੀਤੀ ਜਾਂਦੀ ਹੈ ।ਰਾਖਵਾਂਕਰਨ ਰਾਜ ਸਰਕਾਰ ਦੇ ਨਿਯਮਾ ਅਨੁਸਾਰ ਲਾਗੂ ਕੀਤਾ ਜਾਂਦਾ ਹੈ । ਪੰਚਾਇਤ ਸੰਮਤੀ ਦਾ ਕਾਰਜਕਾਰੀ ਅਧਿਕਾਰੀ ਬੀ.ਡੀ.ਪੀ.ਓ ਨੂੰ ਅਧਿਕਾਰਤ ਕੀਤਾ ਜਾਂਦਾ ਹੈ ਜੋ ਕਿ ਚੇਅਰਮੈਨ ਨੂੰ ਪੰਚਾਇਤ ਸੰਮਤੀ ਦੀਆਂ ਬੈਠਕਾਂ ਕਰਵਾਉਣ, ਬੱਜਟ ਬਣਾਉਣ ਅਤੇ ਉਸ ਦੀ ਪ੍ਰਵਾਨਗੀ ਅਤੇ ਹੋਰ ਕੰਮਕਾਜ ਪ੍ਰਤੀ ਸਹਿਯੋਗ ਪ੍ਰਦਾਨ ਕਰਦਾ ਹੈ ।

## ਪੰਚਾਇਤ ਸੰਮਤੀ ਦੇ ਚੇਅਰਮੈਨ ਦੀਆਂ ਸ਼ਕਤੀਆਂ, ਕਾਰਜ ਅਤੇ ਕਰੱਤਵ

**(ਧਾਰਾ 109)**

1) ਚੇਅਰਮੈਨ ਮੀਟਿੰਗ ਬੁਲਾਏਗਾ, ਮੀਟਿੰਗ ਦੀ ਪ੍ਰਧਾਨਗੀ ਕਰੇਗਾ।
2) ਸਮੇਂ ਸਮੇਂ ਅਨੁਸਾਰ ਸਰਕਾਰ ਵੱਲੋਂ ਸੌਂਪੇ ਗਏ ਕੰਮ/ਕਰਤੱਵ ਨੂੰ ਪੂਰਾ ਕਰੇਗਾ।
3) ਪੰਚਾਇਤ ਸੰਮਤੀ ਜਾਂ ਸਥਾਈ ਕਮੇਟੀਆਂ ਦੇ ਮਤਿਆਂ ਤੇ ਨਿਰਣਾ ਲਏਗਾ, ਸਰਕਾਰ ਦੇ ਆਮ ਜਾਂ ਵਿਸ਼ੇਸ਼ ਕਾਰਜਾਂ ਨੂੰ ਅਮਲ ਵਿਚ ਲਿਆਉਣ ਲਈ ਪੰਚਾਇਤ ਸੰਮਤੀ ਦੇ ਕਾਰਜਕਾਰੀ ਅਫਸਰ ਉੱਪਰ ਨਿਗਰਾਨੀ ਅਤੇ ਕੰਟਰੋਲ ਰੱਖੇਗਾ।
4) ਪੰਚਾਇਤ ਸੰਮਤੀ ਦੇ ਵਿੱਤੀ ਅਤੇ ਕਾਰਜਕਾਰੀ ਪ੍ਰਬੰਧਾਂ ਦੀ ਨਿਗਰਾਨੀ ਕਰੇਗਾ। ਇਸ ਸਬੰਧ ਵਿਚ ਉਹ ਕੋਈ ਵੀ ਰਿਕਾਰਡ ਮੰਗਵਾ ਸਕਦਾ ਹੈ।
5) ਪੰਚਾਇਤ ਸੰਮਤੀ ਖੇਤਰ ਵਿਚਲੇ ਕੁਦਰਤੀ ਆਫਤਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਰਾਹਤ ਪਹੁੰਚਾਉਣ ਲਈ ਕੁੱਲ 25,000/ ਰੁਪਏ ਤੱਕ ਦੀ ਪ੍ਰਵਾਨਗੀ ਦੇਣ ਦਾ ਅਧਿਕਾਰ ਹੈ, ਪਰ ਸ਼ਰਤ ਇਹ ਹੈ ਕਿ ਚੇਅਰਮੈਨ ਅਜਿਹੀਆਂ ਪ੍ਰਵਾਨਗੀਆਂ ਦੇ ਵੇਰਵੇ ਪੰਚਾਇਤ ਸੰਮਤੀ ਦੀ ਪੁਸ਼ਟੀ ਲਈ ਇਸ ਦੀ ਅਗਲੀ ਮੀਟਿੰਗ ਵਿਚ ਪੇਸ਼ ਕਰੇਗਾ

## ਪੰਚਾਇਤ ਸਮਿਤੀ ਦੇ ਚੇਅਰਮੈਨ ਅਤੇ ਕਾਰਜਕਾਰੀ ਅਫ਼ਸਰ ਦੇ ਵਿਸ਼ੇਸ਼ ਅਧਿਕਾਰ

**(ਧਾਰਾ 110)**

(1) ਐਮਰਜੈਂਸੀ ਹਾਲਤ ਵਿੱਚ ਚੇਅਰਮੈਨ ਜਾਂ ਚੇਅਰਮੈਨ ਦੀ ਗੈਰ ਹਾਜ਼ਰੀ ਵਿੱਚ ਕਾਰਜਕਾਰੀ ਅਫ਼ਸਰ ਕਿਸੇ ਕੰਮ ਨੂੰ ਕਰਨ ਜਾਂ ਕਿਸੇ ਅਜਿਹੇ ਕੰਮ ਦੇ ਕਰਨ ਲਈ ਹਦਾਇਤ ਕਰ ਸਕਦਾ ਹੈ ਜ਼ਿਨ੍ਹਾਂ ਦੇ ਕਰਨ ਲਈ ਪੰਚਾਇਤ ਸਮਿਤੀ ਨੂੰ ਅਧਿਕਾਰ ਪ੍ਰਾਪਤ ਹਨ ਅਤੇ ਜਿਹੜੇ ਉਸ ਦੀ ਰਾਏ ਵਿੱਚ ਜਨਤਾ ਦੀ ਸੇਵਾ ਲਈ ਜਾਂ ਬਚਾਓ ਲਈ ਫੌਰੀ ਤੌਰ ਤੇ ਅਮਲ ਵਿੱਚ ਲਿਆਉਣ ਜਾਂ ਕਰਨ ਲਈ ਲਾਜ਼ਮੀ ਹੋਣ ਦੇ ਨਿਰਦੇਸ਼ ਕਰ ਸਕਦਾ ਹੈ ਕਿ ਅਜਿਹੇ ਕੰਮ ਦੇ ਕਰਨ ਲਈ ਖ਼ਰਚ ਪੰਚਾਇਤ ਸਮਿਤੀ ਦੇ ਫੰਡ ਵਿੱਚੋਂ ਅਦਾ ਕੀਤਾ ਜਾਵੇਗਾ। ਸ਼ਰਤ ਇਹ ਹੈ ਕਿ ਅਜਿਹੇ ਹਰੇਕ ਨਿਰਦੇਸ਼ ਦੀ ਪੁਸ਼ਟੀ ਲਈ ਪੰਚਾਇਤ ਸਮਿਤੀ ਦੀ ਅਗਲੀ ਮੀਟਿੰਗ ਵਿੱਚ ਰਿਪੋਰਟ ਕੀਤੀ ਜਾਵੇਗੀ।

(2) ਚੇਅਰਮੈਨ ਜਾਂ ਉੱਪ-ਚੇਅਰਮੈਨ ਜਾਂ ਕਾਰਜਕਾਰੀ ਅਫ਼ਸਰ ਉੱਪ-ਧਾਰਾ (1) ਅਧੀਨ ਪੰਚਾਇਤ ਸਮਿਤੀ ਦੇ ਕਿਸੇ ਹੁਕਮ ਦੇ ਉਲਟ ਕੰਮ ਨਹੀ ਕਰਨਗੇ।

(3) ਚੇਅਰਮੈਨ ਜਾਂ, ਚੇਅਰਮੈਨ ਦੀ ਗੈਰ-ਹਾਜ਼ਰੀ ਵਿੱਚ ਉੱਪ-ਚੇਅਰਮੈਨ, ਦੋਹਾਂ ਚੇਅਰਮੈਨ ਅਤੇ ਉੱਪ-ਚੇਅਰਮੈਨ ਦੀ ਗੈਰ ਹਾਜ਼ਰੀ ਵਿੱਚ ਕਾਰਜਕਾਰੀ ਅਫ਼ਸਰ ਕਿਸੇ ਵੀ ਕਾਰਵਾਈ ਨੂੰ ਉਤਨੇ ਚਿਰ ਤੱਕ ਕਰਨ ਤੋਂ ਮਨ੍ਹਾ ਕਰ ਸਕਦਾ ਹੈ ਜਦੋਂ ਤੱਕ ਕਿ ਮਾਮਲਾ ਪੰਚਾਇਤੀ ਸਮਿਤੀ ਦੁਆਰਾ ਵਿਚਾਰਿਆ ਨਾ ਜਾਵੇ ਜਿਸ ਬਾਰੇ ਉਸ ਦਾ ਵਿਚਾਰ ਹੋਵੇ ਕਿ ਇਹ ਮਾਮਲਾ ਜਨਤਕ ਹਿੱਤ ਵਿੱਚ ਨਹੀਂ ਹੈ।

(4) ਇਸ ਧਾਰਾ ਅਧੀਨ ਦਿੱਤੀ ਗਈ ਕਿਸੇ ਹਦਾਇਤ ਨੂੰ ਇਸ ਆਧਾਰ ਤੇ ਕਿਸੇ ਅਦਾਲਤ ਵਿੱਚ ਇਤਰਾਜ ਨਹੀਂ ਕੀਤਾ ਜਾਵੇਗਾ ਕਿ ਕੇਸ ਐਮਰਜੈਂਸੀ ਵਾਲਾ ਨਹੀਂ ਸੀ।

## ਪੰਚਾਇਤ ਸੰਮਤੀਆਂ ਦੇ ਉੱਪ-ਚੇਅਰਮੈਨ ਦੇ ਅਧਿਕਾਰ ਤੇ ਕੰਮ

**(ਧਾਰਾ 111)**

(ੳ) ਚੇਅਰਮੈਨ ਦੀ ਗੈਰ-ਹਾਜ਼ਰੀ ਵਿੱਚ ਪੰਚਾਇਤ ਸਮਿਤੀ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰੇਗਾ;

(ਅ) ਚੇਅਰਮੈਨ ਦੇ ਅਜਿਹੇ ਅਧਿਕਾਰਾਂ ਦਾ ਪ੍ਰਯੋਗ ਕਰੇਗਾ ਅਤੇ ਅਜਿਹੇ ਫਰਜ਼ ਨਿਭਾਏਗਾ ਜੋ ਚੇਅਰਮੈਨ ਦੀ ਤਰਫੋਂ ਰਾਜ ਸਰਕਾਰ ਦੁਆਰਾ ਸਮੇਂ-ਸਮੇਂ ਤੇ ਬਣਾਏ ਗਏ ਨਿਯਮਾਂ ਦੀ ਸ਼ਰਤ ਤਹਿਤ ਲਿਖਤੀ ਹੁਕਮ ਦੁਆਰਾ ਉਸ ਨੂੰ ਸੌਂਪੇ ਹੋਣ; ਅਤੇ

(ੲ) ਚੇਅਰਮੈਨ ਦੀ ਚੋਣ ਵਿਚਾਰ ਅਧੀਨ ਹੋਣ ਤੇ ਜਾਂ ਪੰਚਾਇਤ ਸਮਿਤੀ ਦੇ ਖੇਤਰ ਤੋਂ ਚੇਅਰਮੈਨ ਦੀ ਗੈਰ-ਹਾਜ਼ਰੀ ਦੌਰਾਨ ਜਾਂ ਤੀਹ ਦਿਨਾਂ ਤੋਂ ਵੱਧ ਸਮੇਂ ਲਈ ਛੁੱਟੀ ਜਾਣ ਦੇ ਕਾਰਨ ਚੇਅਰਮੈਨ ਦੇ ਅਧਿਕਾਰਾਂ ਦੀ ਵਰਤੋਂ ਕਰੇਗਾ ਅਤੇ ਫਰਜ਼ ਨਿਭਾਏਗਾ।

## ਪੰਚਾਇਤ ਸੰਮਤੀ ਦੀਆਂ ਮੀਟਿੰਗਾਂ ਕਰਨ ਲਈ ਲੋੜੀਂਦੇ ਤਰੀਕੇ

**(ਧਾਰਾ 116) :**

1) ਪੰਚਾਇਤ ਸੰਮਤੀ ਹਰ ਦੋ ਮਹੀਨਿਆਂ ਵਿਚ ਇੱਕ ਵਾਰੀ ਸਾਧਾਰਨ ਮੀਟਿੰਗ ਕਰੇਗੀ।

2) ਚੇਅਰਮੈਨ ਜਦੋਂ ਉਚਿਤ ਸਮਝੇ, ਘੱਟੋ ਘੱਟ ਇੱਕ ਤਿਹਾਈ ਮੈਂਬਰਾਂ ਦੀ ਲਿਖਤੀ ਬੇਨਤੀ ਦੇ ਅਧਾਰ ਤੇ ਬੁਲਾਈ ਜਾਣ ਵਾਲੀ ਮੀਟਿੰਗ ਦਾ ਵਿਸ਼ੇਸ਼ ਕਾਰਣ ਦੱਸਦਿਆਂ, ਅਜਿਹੀ ਬੇਨਤੀ ਨੂੰ ਪ੍ਰਵਾਨ ਹੋਣ ਤੇ 15 ਦਿਨਾਂ ਅੰਦਰ ਅੰਦਰ ਵਿਸ਼ੇਸ਼ ਮੀਟਿੰਗ ਬੁਲਾਏਗਾ।

3) ਜੇ ਉੱਪ-ਧਾਰਾ (2) ਅਧੀਨ ਚੇਅਰਮੈਨ ਵਿਸ਼ੇਸ਼ ਮੀਟਿੰਗ ਬੁਲਾਉਣ ਵਿਚ ਅਸਫਲ ਰਹਿੰਦਾ ਹੈ ਤਾਂ ਵਾਈਸ ਚੇਅਰਮੈਨ ਜਾਂ ਕੁੱਲ ਮੈਂਬਰਾਂ ਦਾ ਇੱਕ ਤਿਹਾਈ ਵਿਸ਼ੇਸ਼ ਮੀਟਿੰਗ ਬੁਲਾ ਸਕਦਾ ਹੈ। ਇਹ ਮੀਟਿੰਗ ਪੱਤਰ ਦੇਣ ਦੇ 15 ਦਿਨਾਂ ਅੰਦਰ ਅੰਦਰ ਬੁਲਾਈ ਜਾਵੇਗੀ ਅਤੇ ਕਾਰਜਕਾਰੀ ਮੈਂਬਰਾਂ ਨੂੰ ਸੂਚਨਾ ਦੇਣ ਲਈ ਕਹੇਗੀ ਅਤੇ ਅਜਿਹੀ ਕਾਰਵਾਈ ਕਰੇਗੀ ਜਿਹੜੀ ਮੀਟਿੰਗ ਬੁਲਾਉਣ ਲਈ ਜ਼ਰੂਰੀ ਹੋਵੇ।

4) ਚੇਅਰਮੈਨ ਸਾਧਾਰਨ ਮੀਟਿੰਗ ਲਈ 10 ਦਿਨਾਂ ਦਾ ਨੋਟਿਸ ਅਤੇ ਵਿਸ਼ੇਸ਼ ਮੀਟਿੰਗ ਲਈ 7 ਦਿਨਾਂ ਦਾ ਸਪੱਸ਼ਟ ਨੋਟਿਸ ਦਿੰਦਿਆਂ ਮੀਟਿੰਗ ਦਾ ਸਮਾਂ, ਸਥਾਨ ਅਤੇ ਏਜੰਡਾ, ਮੁੱਦੇ ਸਬੰਧੀ ਮੈਂਬਰਾਂ ਨੂੰ ਜਾਣਕਾਰੀ ਦੇਵੇਗਾ ਅਤੇ ਇਹੀ ਸੂਚਨਾ ਪੰਚਾਇਤ ਸੰਮਤੀ ਦੇ ਦਫਤਰ ਦੇ ਨੋਟਿਸ ਬੋਰਡ ਤੇ ਲਗਾਏਗਾ।

5) ਪੰਚਾਇਤ ਸੰਮਤੀ ਦੇ ਮੈਂਬਰਾਂ ਦੀ ਕੁੱਲ ਗਿਣਤੀ ਦਾ ਬਹੁਮਤ, ਪੰਚਾਇਤ ਸੰਮਤੀ ਦੀ ਮੀਟਿੰਗ ਦਾ ਵਪਾਰਿਕ ਲੈਣ ਦੇਣ ਲਈ ਕੋਰਮ ਪੂਰਾ ਕਰੇਗਾ, ਜੇ ਕੋਰਮ ਪੂਰਾ ਨਹੀਂ ਹੁੰਦਾ ਤਾਂ 30 ਮਿੰਟ ਤੱਕ ਉਡੀਕ ਕੀਤੀ ਜਾਵੇਗੀ। ਫਿਰ ਵੀ ਕੋਰਮ ਪੂਰਾ ਨਾ ਹੋਣ ਦੀ ਸੂਰਤ ਵਿਚ ਪ੍ਰਧਾਨਗੀ ਕਰ ਰਹੇ ਵਿਅਕਤੀ ਆਉਣ ਵਾਲੇ ਕਿਸੇ ਸਮੇਂ ਲਈ ਮੀਟਿੰਗ ਨਿਸ਼ਚਿਤ ਕਰਕੇ ਉਸ ਮੀਟਿੰਗ ਨੂੰ ਮੁਲਤਵੀ ਕਰ ਸਕਦਾ ਹੈ।

6) ਮੀਟਿੰਗ ਦੀ ਪ੍ਰਧਾਨਗੀ ਚੇਅਰਮੈਨ ਵਲੋਂ ਕੀਤੀ ਜਾਵੇਗੀ। ਉਸ ਦੀ ਗੈਰ ਹਾਜ਼ਰੀ ਵਿਚ ਵਾਈਸ ਚੇਅਰਮੈਨ ਕਰੇਗਾ ਜੇ ਦੋਵੇਂ ਮੌਜੂਦ ਨਾ ਹੋਣ ਤਾਂ ਹਾਜ਼ਰ ਮੈਂਬਰ ਆਪਣੇ ਵਿਚੋਂ ਹੀ ਕਿਸੇ ਵਿਅਕਤੀ ਨੂੰ ਮੀਟਿੰਗ ਦੀ ਪ੍ਰਧਾਨਗੀ ਲਈ ਚੁਣ ਸਕਦੇ ਹਨ।

7) ਮੀਟਿੰਗ ਵਿਚ ਫੈਸਲੇ ਹਾਜ਼ਰ ਮੈਂਬਰਾਂ ਦੀ ਬਹੁਮਤ ਅਤੇ ਵੋਟਿੰਗ ਦੁਆਰਾ ਹੋਣਗੇ। ਪ੍ਰਧਾਨਗੀ ਕਰ ਰਹੇ ਮੈਂਬਰ ਆਪਣੀ ਵੋਟ, ਵੋਟਾਂ ਦੀ ਗਿਣਤੀ ਹੋਣ ਤੋਂ ਪਹਿਲਾਂ, ਮਾਮਲੇ ਦੇ ਹੱਕ ਜਾਂ ਵਿਰੋਧ ਵਿੱਚ ਦੇ ਸਕਦਾ ਹੈ।

8) ਪੰਚਾਇਤ ਸੰਮਤੀ ਦਾ ਕੋਈ ਵੀ ਮੈਂਬਰ ਪੰਚਾਇਤ ਸੰਮਤੀ ਦੀ ਮੀਟਿੰਗ ਵਿਚ ਵੋਟ ਨਹੀਂ ਪਾਵੇਗਾ ਤੇ ਨਾ ਹੀ ਭਾਗ ਲਵੇਗਾ, ਜਿਸ ਵਿਚ ਜਨਤਾ ਵਿੱਚ ਲਾਗੂ ਹੋਣ ਤੋਂ ਇਲਾਵਾ ਉਸ ਦਾ ਕੋਈ ਸਿੱਧਾ ਆਰਥਿਕ ਹਿੱਤ ਹੈ।

9) ਪ੍ਰਧਾਨਗੀ ਕਰ ਰਹੇ ਵਿਅਕਤੀ ਨੂੰ ਵਿਸ਼ਵਾਸ ਹੋਵੇ ਕਿ ਪ੍ਰਧਾਨਗੀ ਕਰ ਰਹੇ ਵਿਅਕਤੀ ਦਾ ਵਿਚਾਰ ਅਧੀਨ ਮੁੱਦੇ ਵਿਚ ਕੋਈ ਨਿੱਜੀ ਹਿੱਤ ਨਹੀਂ ਹੋਣਾ ਚਾਹੀਦਾ ਜੇਕਰ ਹੈ ਤਾਂ ਉਹ ਮੀਟਿੰਗ ਦੀ ਪ੍ਰਧਾਨਗੀ ਨਹੀਂ ਕਰੇਗਾ ਤੇ ਨਾ ਹੀ ਭਾਗ ਲਵੇਗਾ। ਅਜਿਹੇ ਕੇਸ ਵਿਚ ਹੋਰ ਮੈਂਬਰ ਨੂੰ ਮੀਟਿੰਗ ਦੀ ਪ੍ਰਧਾਨਗੀ ਲਈ ਚੁਣਿਆ ਜਾ ਸਕਦਾ ਹੈ।

10) ਕਿਸੇ ਵੀ ਸਾਧਾਰਨ ਮੀਟਿੰਗ ਵਿੱਚ ਕੋਈ ਅਜਿਹਾ ਮਾਮਲਾ ਨਹੀਂ ਵਿਚਾਰਿਆ ਜਾ ਸਕਦਾ ਹੈ ਜਿਸ ਦਾ ਅਜਿਹੀ ਮੀਟਿੰਗ ਸੱਦਣ ਵਾਲੇ ਨੋਟਿਸ ਵਿੱਚ ਜ਼ਿਕਰ ਨਾ ਹੋਵੇ ਅਤੇ ਖਾਸ ਮੀਟਿੰਗ ਦੇ ਸਬੰਧ ਵਿੱਚ ਲਿਖਤੀ ਬੇਨਤੀ ਵਿੱਚ ਉਹ ਮਾਮਲਾ ਦਰਜ ਨਾ ਹੋਵੇ।

11) ਹਾਜ਼ਰ ਮੈਂਬਰਾਂ ਦੇ ਬਹੁਮਤ ਦੁਆਰਾ ਸਾਧਾਰਨ ਮੀਟਿੰਗ ਨੂੰ ਸਮੇਂ ਸਮੇਂ ਤੇ ਮੁਲਤਵੀ ਕੀਤਾ ਜਾ ਸਕਦਾ ਹੈ। ਮੀਟਿੰਗ ਵਿਚ ਵਿਚਾਰਣ ਤੋਂ ਬਾਕੀ ਰਹਿੰਦੇ ਮੁੱਦਿਆਂ ਤੋਂ ਇਲਾਵਾ ਕੋਈ ਹੋਰ ਮੁੱਦਾ ਨਹੀਂ ਵਿਚਾਰਿਆ ਜਾਵੇਗਾ।

12) ਪੰਚਾਇਤ ਸੰਮਤੀ ਵਲੋਂ ਪਾਸ ਕੀਤਾ ਮਤਾ 6 ਮਹੀਨੇ ਦੇ ਅੰਦਰ ਅੰਦਰ ਸੋਧਿਆ ਜਾਂ ਰੱਦ ਨਹੀਂ ਕੀਤਾ ਜਾਵੇਗਾ, ਸਿਵਾਏ ਉਸ ਮਤੇ ਤੋਂ ਜਿਹੜਾ ਕਿਸੇ ਸਾਧਾਰਨ ਜਾਂ ਵਿਸ਼ੇਸ਼ ਮੀਟਿੰਗ ਦੌਰਾਨ ਹਾਜ਼ਰ ਮੈਂਬਰਾਂ ਦੀ ਦੋ ਤਿਹਾਈ ਬਹੁਮਤ ਦੁਆਰਾ ਪਾਸ ਕੀਤਾ ਗਿਆ ਹੋਵੇ।

13) ਵਿਚਾਰ ਵਟਾਂਦਰੇ ਤੋਂ ਤੁਰੰਤ ਬਾਅਦ ਹਰੇਕ ਮੀਟਿੰਗ ਦੀ ਕਾਰਵਾਈ ਰਜਿਸਟਰ ਵਿਚ ਦਰਜ ਕੀਤੀ ਜਾਵੇਗੀ ਅਤੇ ਪ੍ਰਧਾਨਗੀ ਕਰ ਰਹੇ ਮੈਂਬਰ ਵਲੋਂ ਪੜ੍ਹਨ ਉਪਰੰਤ ਇਸ ਉੱਪਰ ਹਸਤਾਖਰ ਕੀਤੇ ਜਾਣਗੇ ਅਤੇ ਇਸਦੇ ਫੈਸਲਿਆਂ ਤੇ ਕੀਤੀ ਕਾਰਵਾਈ ਅਗਲੀ ਮੀਟਿੰਗ ਵਿਚ ਰੱਖੀ ਜਾਵੇਗੀ। ਕਾਰਵਾਈ ਰਜਿਸਟਰ ਦਫਤਰ ਵਿਚ ਹੀ ਰੱਖਿਆ ਜਾਵੇਗਾ ਅਤੇ ਕਾਰਜਕਾਰੀ ਅਫ਼ਸਰ ਇਸ ਦੀ ਸਾਂਭ-ਸੰਭਾਲ ਦਾ ਜ਼ਿੰਮੇਵਾਰ ਹੋਵੇਗਾ।

14) ਮੀਟਿੰਗ ਵਿਚ ਪਾਸ ਕੀਤੇ ਮਤੇ ਦੀ ਕਾਪੀ (ਨਕਲ), ਮੀਟਿੰਗ ਦੇ ਤਿੰਨ ਦਿਨਾਂ ਅੰਦਰ ਡਾਇਰੈਕਟਰ ਪੰਚਾਇਤ ਨੂੰ ਭੇਜੀ ਜਾਵੇਗੀ।

15) ਮੀਟਿੰਗ ਵਿਚ ਹਰ ਵਿਚਾਰਨ ਵਾਲੀ ਮੱਦਨਾਲ ਸਬੰਧਿਤ ਅਫਸਰ ਨੂੰ ਬੁਲਾਇਆ ਜਾ ਸਕਦਾ ਹੈ।ਇਸ ਸਬੰਧੀ ਹਾਜ਼ਰ ਹੋਣ ਲਈ 15 ਦਿਨ ਪਹਿਲਾਂ ਉਸ ਨੂੰ ਬੇਨਤੀ ਪੱਤਰ ਭੇਜਿਆ ਜਾਵੇ।

16) (ੳ) ਰਾਜ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਿਸੇ ਪੰਚਾਇਤ ਸੰਮਤੀ ਦੇ ਖੇਤਰ ਵਿੱਚ ਸੇਵਾ ਕਰਦੇ ਸਰਕਾਰੀ ਅਫ਼ਸਰ ਨੂੰ ਡਿਪਟੀ ਕਮਿਸ਼ਨਰ ਦੀ ਅਗੇਤੀ ਆਗਿਆ ਨਾਲ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਅਤੇ ਸਲਾਹ ਦੇਣ ਲਈ ਕਹਿ /ਬੁਲਾ ਸਕਦੇ ਹਨ।

(ਅ) ਪੰਚਾਇਤ ਸੰਮਤੀ ਉੱਪ-ਧਾਰਾ 15 ਵਿੱਚ ਦੱਸੇ ਗਏ ਕਿਸੇ ਵੀ ਅਫ਼ਸਰ ਤੋਂ ਕੋਈ ਹੋਰ ਡਿਊਟੀ ਜਾਂ ਕੰਮ ਕਰਵਾਉਣਾ ਚਾਹੁੰਦੀ ਹੋਵੇ ਤਾਂ ਰਾਜ ਸਰਕਾਰ ਦੇ ਆਮ ਜਾਂ ਖਾਸ ਹੁਕਮਾਂ ਦੀ ਸ਼ਰਤ ਅਜਿਹੇ ਫਰਜ਼ ਨਿਭਾਏਗਾ ਜਾਂ ਕੰਮ ਕਰੇਗਾ

## ਪੰਚਾਇਤ ਸੰਮਤੀਆਂ ਦੀਆਂ ਕਾਰਜਕਾਰੀ ਸ਼ਕਤੀਆਂ

**( ਧਾਰਾ 118)**

(1) ਪੰਚਾਇਤ ਸੰਮਤੀ ਦੀਆ ਕਾਰਜਕਾਰੀ ਸ਼ਕਤੀਆਂ ਐਕਟ ਵਿੱਚ ਦੱਸੇ ਤਰੀਕੇ ਅਨੁਸਾਰ ਪੰਚਾਇਤ ਸੰਮਤੀ ਦੇ ਚੇਅਰਮੈਨ ਅਤੇ ਉਸ ਦੇ ਕਾਰਜਕਾਰੀ ਅਧਿਕਾਰੀ ਕੋਲ ਹੋਣਗੀਆਂ

(2) ਚੇਅਰਮੈਨ ਅਤੇ ਕਾਰਜਕਾਰੀ ਅਫਸਰ ਪੰਚਾਇਤ ਸੰਮਤੀ ਦੀ ਪ੍ਰਵਾਨਗੀ ਅਤੇ ਹੋਰ ਸਭਾਵਾਂ ਲਈ ਪ੍ਰਵਾਨਗੀ ਦੇਣ ਲਈ, ਜਿੱਥੇ ਇਹ ਸਪੱਸ਼ਟ ਤੌਰ 'ਤੇ ਦਿੱਤਾ ਗਿਆ ਹੈ, ਇਸ ਕਾਨੂੰਨ ਅਤੇ ਵਿਸ਼ੇ ਅਧੀਨ ਵਿਸ਼ੇਸ਼ ਤੌਰ ਤੇ ਪਾਬੰਦੀਆਂ, ਸੀਮਾਵਾਂ ਅਤੇ ਸ਼ਰਤਾਂ ਲਾਗੂ ਕੀਤੀਆਂ ਗਈਆਂ ਹਨ, ਇਸ ਐਕਟ ਦੀ ਵਿਵਸਥਾ ਨੂੰ ਲਾਗੂ ਕਰਨ ਦੇ ਉਦੇਸ਼ ਲਈ ਕਾਰਜਕਾਰੀ ਸ਼ਕਤੀਆਂ ਦੀ ਵਰਤੋਂ ਕਰਨੀ ਅਤੇ ਇਸ ਐਕਟ ਦੇ ਉਦੇਸ਼ਾਂ ਦੀ ਪੂਰਤੀ ਲਈ ਸਿੱਧਾ ਜ਼ਿੰਮੇਵਾਰ ਹੋਵੇਗੀ

ਬਸ਼ਰਤੇ ਉਪ ਚੇਅਰਮੈਨ, ਜੇ ਚੇਅਰਮੈਨ ਗੈਰਹਾਜ਼ਰ ਹੈ, ਅਤੇ ਕਾਰਜਕਾਰੀ ਅਧਿਕਾਰੀ, ਜੇਕਰ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੋਵੇਂ ਗੈਰਹਾਜ਼ਰ ਹਨ, ਤਾਂ ਉਹ ਫਰਜ਼ ਅਤੇ ਸ਼ਕਤੀਆਂ ਦੀ ਵਰਤੋਂ ਕਰ ਸਕਦੇ ਹਨ।

## ਪੰਚਾਇਤ ਸੰਮਤੀ ਦੇ ਕੰਮ ਅਤੇ ਕਰਤੱਵ

**( ਧਾਰਾ 119)**

ਅਜਿਹੀਆਂ ਅਪਵਾਦਾਂ ਅਤੇ ਸ਼ਰਤਾਂ ਦੇ ਅਧੀਨ ਰਾਜ ਸਰਕਾਰ ਆਮ ਜਾਂ ਵਿਸ਼ੇਸ਼ ਅਦੇਸ਼ ਦੁਆਰਾ ਪੰਚਾਇਤ ਸੰਮਤੀ ਦਾ ਫਰਜ਼ ਹੋਵੇਗਾ ਕਿ ਉਹ ਹੇਠ ਲਿਖੀਆਂ ਮਾਮਲਿਆਂ ਦੇ ਸਬੰਧ ਵਿੱਚ ਖੇਤਰ ਦੀ ਲੋੜਾਂ ਨੂੰ ਪੂਰਾ ਕਰਨ ਲਈ ਵਿਵਸਥਾ ਪ੍ਰਬੰਧ ਕਰੇ. , ਅਰਥਾਤ: -

(1) ਖੇਤੀਬਾੜੀ- ਖੇਤੀਬਾੜੀ ਉਤਪਾਦਨ ਨੂੰ ਵਧਾਉਣ ਲਈ ਖਾਸ ਤੌਰ ਤੇ ਹੇਠ ਲਿਖੇ ਪ੍ਰਬੰਧ ਕਰਨੇ-

(i) ਸੁਧਾਰੇ ਹੋਏ ਬੀਜਾਂ ਦੀ ਮਾਤਰਾ ਵਧਾਉਣਾ ਅਤੇ ਵੰਡ

(ii) ਖਾਦਾਂ ਦੀ ਵੰਡ

(iii) ਸੁਧਾਰੀਆਂ ਤਕਨੀਕਾਂ, ਵਿਧੀਆਂ ਅਤੇ ਪ੍ਰਥਾਵਾਂ ਅਤੇ ਉਪਕਰਣਾਂ ਨੂੰ ਹਰਮਨਪਿਆਰਾ ਬਣਾਉਣਾ

(iv) ਹਰੀ ਖਾਦ ਅਤੇ ਰੂੜੀ ਖਾਦ ਵਿਚ ਸਵੈ-ਨਿਰਭਰਤਾ ਨੂੰ ਪ੍ਰਾਪਤ ਕਰਨਾ

(v) ਫਲ ਅਤੇ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨਾ

(vi) ਭੂਮੀ ਅਤੇ ਦਲਦਲਾਂ ਦੀ ਸੁਧਾਈ ਅਤੇ ਮਿੱਟੀ ਦੀ ਸੰਭਾਲ

(vii) ਖੇਤੀਬਾੜੀ ਮੰਤਵਾਂ ਲਈ ਕਰਜਿਆਂ ਦਾ ਪ੍ਰਬੰਧ

(viii) ਪੌਦੇ ਦੀ ਸੁਰੱਖਿਆ ਦੇ ਤਰੀਕਿਆਂ ਵਿਚ ਪ੍ਰਚਾਰ ਅਤੇ ਸਹਾਇਤਾ ਦੇਣਾ

(ix) ਪ੍ਰਦਰਸ਼ਨ ਪਲਾਟਾਂ ਨੂੰ ਲਗਾਉਣਾ ਅਤੇ ਖੇਤੀਬਾੜੀ ਪ੍ਰਬੰਧ ਦੇ ਵਧੀਆ ਤਰੀਕੇ ਅਪਣਾਉਣਾ

(x) ਖੇਤੀਬਾੜੀ ਮੰਤਵਾਂ ਲਈ ਵਧੇਰੇ ਸ਼ਕਤੀ ਦੀ ਵਰਤੋਂ ਕਰਨਾ

(xi) ਰੁੱਖ ਲਾਉਣਾ

(xii) ਪਿੰਡ ਵਿੱਚ ਜੰਗਲ ਲਗਾਉਣਾ

(2) ਭੂਮੀ ਸੁਧਾਰ ਅਤੇ ਭੂਮੀ ਸਾਂਭ - ਰਾਜ ਸਰਕਾਰ ਦੀ ਭੂਮੀ ਸੁਧਾਰ ਅਤੇ ਭੌਂ-ਸੰਭਾਲ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਿਚ ਰਾਜ ਸਰਕਾਰ ਅਤੇ ਜ਼ਿਲਾ ਪ੍ਰੀਸ਼ਦ ਦੀ ਸਹਾਇਤਾ ਕਰਨਾ.

(3) ਛੋਟੇ ਸਿੰਚਾਈ, ਪਾਣੀ ਅਤੇ ਵਾਟਰਸ਼ੇਡ ਵਿਕਾਸ. -

(i) ਉਸਾਰੀ ਅਤੇ ਰੱਖ-ਰਖਾਵ ਜਾਂ ਛੋਟੇ ਸਿੰਚਾਈ ਕੰਮਾਂ ਵਿਚ ਰਾਜ ਸਰਕਾਰ ਅਤੇ ਜ਼ਿਲਾ ਪ੍ਰੀਸ਼ਦ ਦੀ ਸਹਾਇਤਾ ਕਰਨਾ; ਅਤੇ

(ii) ਸਾਂਝੇ ਅਤੇ ਵਿਅਕਤੀਗਤ ਸਿੰਚਾਈ ਦੇ ਕੰਮ ਨੂੰ ਲਾਗੂ ਕਰਨਾ;

(4) ਗਰੀਬੀ ਹਟਾਉਣਾ ਪ੍ਰੋਗਰਾਮ - ਗਰੀਬੀ ਹਟਾਉ ਪ੍ਰੋਗਰਾਮਾਂ ਅਤੇ ਸਕੀਮਾਂ ਦੀ ਯੋਜਨਾਬੰਦੀ ਅਤੇ ਅਮਲ;

(5) ਪਸ਼ੂ ਪਾਲਣ, ਡੇਅਰੀ ਅਤੇ ਪੋਲਟਰੀ : -

(i) ਪਸ਼ੂਆਂ ਅਤੇ ਪਸ਼ੂ ਪਾਲਣ ਸੇਵਾਵਾਂ ਦੀ ਸਾਂਭ-ਸੰਭਾਲ

(ii) ਪਸ਼ੂਆਂ, ਪੋਲਟਰੀ ਅਤੇ ਹੋਰ ਜਾਨਵਰਾਂ ਦੀ ਨਸਲ ਦੇ ਸੁਧਾਰ

(iii) ਡੇਅਰੀ, ਖੇਤੀ, ਪੋਲਟਰੀ ਅਤੇ ਸੂਰ ਪਾਲਣ ਦੀ ਤਰੱਕੀ ਅਤੇ

(iv) ਮਹਾਂਮਾਰੀਆਂ ਅਤੇ ਛੂਤ ਦੀਆਂ ਬੀਮਾਰੀਆਂ ਦੀ ਰੋਕਥਾਮ

(6) ਮੱਛੀ ਪਾਲਣ - ਮੱਛੀ ਪਾਲਣ ਦੇ ਵਿਕਾਸ ਨੂੰ ਉਤਸ਼ਾਹਿਤ ਕਰਨਾ

(7) ਖਾਦੀ ਪਿੰਡ ਅਤੇ ਘਰੇਲੂ ਸਨਅਤਾਂ

(i) ਪੇਂਡੂ ਅਤੇ ਘਰੇਲੂ ਸਨਅਤਾਂ ਨੂੰ ਉਤਸਾਹਿਤ ਕਰਨਾ

(ii) ਕਾਨਫਰੰਸਾਂ, ਸੈਮੀਨਾਰਾਂ ਅਤੇ ਸਿਖਲਾਈ ਪ੍ਰੋਗਰਾਮਾਂ, ਖੇਤੀਬਾੜੀ ਅਤੇ ਉਦਯੋਗਿਕ ਪ੍ਰਦਰਸ਼ਨੀਆਂ ਦਾ ਪ੍ਰਬੰਧ ਕਰਨਾ

(8) ਪੇਂਡੂ ਮਕਾਨ ਉਸਾਰੀ - ਘਰੇਲੂ ਯੋਜਨਾਵਾਂ ਨੂੰ ਲਾਗੂ ਕਰਨਾ ਅਤੇ ਪਿੰਡਾਂ ਵਿੱਚ ਘਰ ਦੀਆਂ ਥਾਂਵਾਂ ਨੂੰ ਵੰਡਣਾ

(9) ਪੀਣ ਵਾਲਾ ਪਾਣੀ:-

(i) ਪੇਂਡੂ ਜਲ ਸਪਲਾਈ ਸਕੀਮਾਂ ਦੀ ਸਥਾਪਨਾ, ਮੁਰੰਮਤ ਅਤੇ ਸਾਂਭ ਸੰਭਾਲ

(ii) ਪਾਣੀ ਦੇ ਪ੍ਰਦੂਸ਼ਣ ਦੀ ਰੋਕਥਾਮ ਅਤੇ ਨਿਗਰਾਨੀ

(iii) ਪੇਂਡੂ ਸਫਾਈ ਸਕੀਮਾਂ ਨੂੰ ਲਾਗੂ ਕਰਨਾ

(10) ਸਮਾਜਿਕ ਅਤੇ ਖੇਤੀ ਜੰਗਲਾਤ ਛੋਟੇ ਜੰਗਲ ਲਗਾਉਣਾ, ਬਾਲਣ ਅਤੇ ਚਾਰਾ

(i) ਸੜਕਾਂ ਦੇ ਕਿਨਾਰਿਆਂ ਤੇ ਅਤੇ ਇਸ ਦੇ ਨਿਯੰਤਰਣ ਅਧੀਨ ਹੋਰ ਜਨਤਕ ਜਮੀਨਾਂ 'ਤੇ ਦਰੱਖਤ ਲਗਾਉਣਾ ਅਤੇ ਸਾਂਭ ਸੰਭਾਲ;

(ii) ਬਾਲਣ ਸਬੰਧੀ ਦਰਖ਼ਤ ਲਗਾਉਣਾ ਅਤੇ ਚਾਰਾ ਵਿਕਾਸ ਅਤੇ

(iii) ਖੇਤੀ ਵਣ ਖੇਤਰ ਦੀ ਤਰੱਕੀ ਅਤੇ ਨਰਸਰੀਆਂ ਦੇ ਵਿਕਾਸ

(11) ਸੜਕਾਂ, ਇਮਾਰਤਾਂ, ਪੁਲ, ਬੇੜੀਆਂ, ਜਲ ਮਾਰਗ ਅਤੇ ਸੰਚਾਰ ਦੇ ਹੋਰ ਸਾਧਨ: -

(i) ਜਨਤਕ ਸੜਕਾਂ, ਡਰੇਨਾਂ, ਪੁਲੀਆਂ ਅਤੇ ਸੰਚਾਰ ਦੇ ਹੋਰ ਸਾਧਨਾਂ ਦੀ ਉਸਾਰੀ ਅਤੇ ਸਾਂਭ-ਸੰਭਾਲ ਜੋ ਕਿ ਰਾਜ ਸਰਕਾਰ ਦੇ ਕਿਸੇ ਹੋਰ ਸਥਾਨਕ ਅਦਾਰਿਆਂ ਦੇ ਨਿਯੰਤਰਣ ਅਧੀਨ ਨਹੀਂ ਹਨ

(ii) ਪੰਚਾਇਤ ਸੰਮਤੀ ਅਧੀਨ ਕਿਸੇ ਵੀ ਇਮਾਰਤਾਂ ਜਾਂ ਹੋਰ ਜਾਇਦਾਦ ਦੀ ਸਾਂਭ ਸੰਭਾਲ

(iii)ਉੱਤਰੀ ਭਾਰਤੀ ਫੈਰੀ ਐਕਟ, 1878 ਦੀ ਧਾਰਾ 7-ਏ ਦੇ ਤਹਿਤ ਪੰਚਾਇਤ ਸੰਮਤੀ ਦੇ ਚਾਰਜ ਜਿਵੇਂ ਕਿ ਕਿਸ਼ਤੀਆਂ, ਬੇੜੀਆਂ ਅਤੇ ਜਲਮਾਰਗਾਂ ਦੀ ਸਾਂਭ-ਸੰਭਾਲ

(12) ਗੈਰ-ਪਰੰਪਰਾਗਤ ਊਰਜਾ ਸਰੋਤਾਂ ਦੀ ਤਰੱਕੀ, ਵਿਕਾਸ ਅਤੇ ਉਤਸਾਹਿਤ ਕਰਨਾ

(13) ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਸਮੇਤ ਸਿੱਖਿਆ: -

(i) ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਸਮੇਤ ਸਿੱਖਿਆ ਉਤਸਾਹਿਤ ਕਰਨਾ

(ii) ਪ੍ਰਾਇਮਰੀ ਸਕੂਲ ਇਮਾਰਤਾਂ ਦੀ ਉਸਾਰੀ, ਮੁਰੰਮਤ ਅਤੇ ਸਾਂਭ-ਸੰਭਾਲ

(iii) ਨੌਜਵਾਨ ਕਲੱਬਾਂ ਅਤੇ ਮਹਿਲਾ ਮੰਡਲਾਂ ਦੁਆਰਾ ਸਮਾਜਿਕ ਸਿੱਖਿਆ ਦੀ ਤਰੱਕੀ

(14) ਤਕਨੀਕੀ ਸਿਖਲਾਈ , ਪੇਂਡੂ ਦਸਤਕਾਰ ਅਤੇ ਕਿੱਤਾਕਾਰੀ ਸਿਖਲਾਈ ਨੂੰ ਉਤਸਾਹਿਤ ਕਰਨਾ

(15) ਬਾਲਗ਼ ਅਤੇ ਗੈਰ-ਰਸਮੀ ਸਿੱਖਿਆ - ਬਾਲਗ਼ ਸਾਖਰਤਾ ਨੂੰ ਲਾਗੂ ਕਰਨਾ

(16) ਸੱਭਿਆਚਾਰਕ ਸਰਗਰਮੀਆਂ. - ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ

(17) ਮੰਡੀਆਂ ਅਤੇ ਪਸ਼ੂਆਂ ਮੇਲਿਆਂ ਸਮੇਤ ਮੇਲਿਆਂ ਅਤੇ ਤਿਉਹਾਰਾਂ ਦਾ ਪ੍ਰਬੰਧ ਕਰਨਾ

(18) ਸਿਹਤ ਅਤੇ ਪਰਿਵਾਰ ਭਲਾਈ: -

(i) ਸਿਹਤ ਅਤੇ ਪਰਿਵਾਰ ਭਲਾਈ ਪ੍ਰੋਗਰਾਮਾਂ ਨੂੰ ਉਤਸਾਹਿਤ ਕਰਨਾ

(ii) ਰੱਖਿਅਕ ਅਤੇ ਟੀਕਾਕਰਨ ਪ੍ਰੋਗਰਾਮਾਂ ਨੂੰ ਉਤਸਾਹਿਤ ਕਰਨਾ

(iii) ਮੇਲਿਆਂ ਅਤੇ ਤਿਉਹਾਰਾਂ ਵਿੱਚ ਸਿਹਤ ਅਤੇ ਸਫਾਈ ਪ੍ਰਬੰਧ

(iv) ਜਨਮ, ਮੌਤ ਅਤੇ ਵਿਆਹਾਂ ਦੀ ਰਜਿਸਟਰੇਸ਼ਨ

(v) ਲਾਵਾਰਸ ਲਾਸ਼ਾਂ ਦਾ ਨਿਪਟਾਰਾ

(19) ਮਹਿਲਾ ਅਤੇ ਬਾਲ ਵਿਕਾਸ : -

(i) ਔਰਤਾਂ ਅਤੇ ਬੱਚਿਆਂ ਦੇ ਵਿਕਾਸ ਨਾਲ ਸੰਬੰਧਤ ਪ੍ਰੋਗਰਾਮਾਂ ਨੂੰ ਉਤਸਾਹਿਤ ਕਰਨਾ

(ii) ਸਕੂਲੀ ਸਿਹਤ ਅਤੇ ਪੋਸ਼ਣ ਪ੍ਰੋਗਰਾਮ ਨੂੰ ਉਤਸਾਹਿਤ ਕਰਨਾ

(iii) ਔਰਤਾਂ ਅਤੇ ਬਾਲ ਵਿਕਾਸ ਪ੍ਰੋਗਰਾਮਾਂ ਵਿਚ ਸਵੈ-ਇੱਛਤ ਸੰਸਥਾਵਾਂ ਦੀ ਸ਼ਮੂਲੀਅਤ ਦਾ ਪ੍ਰਚਾਰ

(20) ਦਿਮਾਗੀ ਤੌਰ ਤੇ ਕਮਜੋਰ ਵਿਅਕਤੀਆਂ ਸਮੇਤ ਸਮਾਜ ਦੀ ਭਲਾਈ

(i) ਅਪਾਹਜ ਲੋਕਾਂ ਦੇ ਕਲਿਆਣ, ਮਾਨਸਿਕ ਤੌਰ ਤੇ ਕਮਜ਼ੋਰ ਅਤੇ ਬੇ-ਆਸਰੇ ਵਿਅਕਤੀਆਂ ਦੀ ਭਲਾਈ ਸਮੇਤ ਸਮਾਜਿਕ ਕਲਿਆਣ ਦੇ ਪ੍ਰੋਗਰਾਮ

(ii) ਬੁਢਾਪੇ ਅਤੇ ਵਿਧਵਾਵਾਂ ਦੀਆਂ ਪੈਨਸ਼ਨਾਂ ਅਤੇ ਪੈਨਸ਼ਨਾਂ ਦੀ ਨਿਗਰਾਨੀ

(iii) ਨਜਾਇਜ ਅਤੇ ਖਤਰੇ ਵਾਲੇ ਵਪਾਰ ਅਤੇ ਅਮਲਾਂ ਦਾ ਨਿਯਮ-ਬੱਧ ਕਰਨਾ

(iv) ਦਾਜ ਅਤੇ ਹੋਰ ਸਮਾਜਿਕ ਬੁਰਾਈਆਂ ਦੀ ਰੋਕਥਾਮ

(21) ਕਮਜ਼ੋਰ ਵਰਗਾਂ ਅਤੇ ਖਾਸ ਕਰਕੇ ਅਨੁਸੂਚਿਤ ਜਾਤਾਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ : -

(i) ਅਨੁਸੂਚਿਤ ਜਾਤਾਂ, ਪਛੜੀਆਂ ਸ਼੍ਰੇਣੀਆਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੀ ਭਲਾਈ ਨੂੰ ਉਤਸਾਹਿਤ ਕਰਨਾ

(ii) ਸਮਾਜਿਕ ਅਨਿਆਂ ਅਤੇ ਸ਼ੋਸ਼ਣ ਤੋਂ ਅਨੁਸੂਚਿਤ ਜਾਤਾਂ ਅਤੇ ਪਛੜੀਆਂ ਸ਼੍ਰੇਣੀਆਂ ਅਤੇ ਹੋਰ ਕਮਜ਼ੋਰ ਤਬਕਿਆਂ ਦੀ ਸੁਰੱਖਿਆ

(22) ਸਾਝੀਆਂ ਜਾਇਦਾਦਾਂ ਦੀ ਸਾਂਭ-ਸੰਭਾਲ: -

(i) ਰਾਜ ਸਰਕਾਰ ਜਾਂ ਸੰਗਠਨ ਦੇ ਕਿਸੇ ਵੀ ਸਥਾਨਕ ਅਥਾੱਰਿਟੀ ਵਲੋਂ ਤਬਦੀਲ ਕੀਤੀਆਂ ਸਾਂਝੀਆਂ ਜਾਇਦਾਦਾਂ ਜਾਂ ਸਮਿਤੀ ਦੇ ਅਧੀਨ ਸਾਰੀਆਂ ਨਿੱਜੀ ਜਾਇਦਾਦਾਂ/ਸਾਧਨਾਂ ਦੀ ਸਾਂਭ-ਸੰਭਾਲ ਅਤੇ ਪ੍ਰਬੰਧ

(ii) ਦੂਜੀਆਂ ਭਾਈਚਾਰਕ ਸੰਪਤੀਆਂ ਦੀ ਸੰਭਾਲ ਅਤੇ ਰੱਖ-ਰਖਾਓ

(23) ਜਨਤਕ ਵੰਡ ਪ੍ਰਣਾਲੀ, - ਜ਼ਰੂਰੀ ਵਸਤਾਂ ਦੀ ਵੰਡ

(24) ਪੇਂਡੂ ਬਿਜਲੀਕਰਨ, - ਬਿਜਲੀ ਦੀ ਵੰਡ ਸਮੇਤ ਪੇਂਡੂ ਬਿਜਲੀਕਰਨ ਨੂੰ ਉਤਸ਼ਾਹਿਤ ਕਰਨਾ

(25) ਸਹਿਕਾਰਤਾ - ਸਹਿਕਾਰੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ

(26) ਲਾਇਬ੍ਰੇਰੀਆਂ - ਲਾਇਬ੍ਰੇਰੀਆਂ ਦੀ ਸਥਾਪਨਾ, ਰੱਖ-ਰਖਾਅ ਅਤੇ ਤਰੱਕੀ

(27) ਅਜਿਹੇ ਹੋਰ ਕਾਰਜ ਜਿਹੜੇ ਰਾਜ ਸਰਕਾਰ ਦੁਆਰਾ ਸੌਂਪੇ ਜਾ ਸਕਦੇ ਹਨ

## ਪੰਚਾਇਤ ਸੰਮਤੀਆਂ ਨੂੰ ਕੰਮ ਸੌਂਪਣਾ

### ( ਧਾਰਾ 120)

(1) ਰਾਜ ਸਰਕਾਰ ਕਿਸੇ ਵੀ ਮਾਮਲੇ ਨਾਲ ਸਬੰਧਤ ਕੰਮ ਜਿਸ ਤੇ ਰਾਜ ਸਰਕਾਰ ਦਾ ਕਾਰਜਕਾਰੀ ਅਧਿਕਾਰ ਹੋਵੇ ਸ਼ਰਤ ਜਾਂ ਬਿਨ੍ਹਾਂ ਸ਼ਰਤ ਅਜਿਹੇ ਫਰਜ ਜੋ ਰਾਜ ਸਰਕਾਰ ਨੂੰ ਕੇਂਦਰ ਸਰਕਾਰ ਦੁਆਰਾ ਸੌਂਪੇ ਹੋਣ ਦੇ ਸਬੰਧ ਵਿੱਚ ਕੋਈ ਕੰਮ ਪੰਚਾਇਤ ਸੰਮਤੀ ਨੂੰ ਸੋਪ ਸਕਦੀ ਹੈ ਅਤੇ ਪੰਚਾਇਤ ਸੰਮਤੀ ਅਜਿਹੇ ਕੰਮ ਕਰਨ ਲਈ ਪਾਬੰਦ ਹੋਵੇਗੀ

(2) ਉਪ-ਭਾਗ (1) ਅਧੀਨ ਜੇ ਰਾਜ ਸਰਕਾਰ ਪੰਚਾਇਤ ਸੰਮਤੀ ਨੂੰ ਕੋਈ ਕੰਮ ਦੀ ਜ਼ਿੰਮੇਵਾਰੀ ਸੌਂਪੇ ਤਾਂ ਪੰਚਾਇਤ ਸੰਮਤੀ ਇਸ ਤਰ੍ਹਾਂ ਦੇ ਕਾਰਜਾਂ ਦੇ ਨਿਪਟਾਰੇ ਵਿਚ ਰਾਜ ਸਰਕਾਰ ਦੇ ਏਜੰਟ ਵਜੋਂ ਕੰਮ ਕਰੇਗੀ।

(3) ਜਿੱਥੇ ਇਸ ਧਾਰਾ ਦੁਆਰਾ ਸ਼ਕਤੀਆਂ ਅਤੇ ਕਰਤੱਵਾਂ ਨੂੰ ਪੰਚਾਇਤ ਸੰਮਤੀ ਨੂੰ ਕੋਈ ਅਧਿਕਾਰ ਜਾਂ ਫਰਜ ਸੌਂਪੇ ਗਏ ਹੋਣ ਤਾਂ ਉਸ ਪੰਚਾਇਤ ਸੰਮਤੀ ਨੂੰ ਕੀਤੇ ਗਏ ਪ੍ਰਬੰਧ ਲਈ ਵਾਧੂ ਖਰਚਿਆ ਦੇ ਸਬੰਧ ਵਿੱਚ ਅਜਿਹੀ ਰਕਮ ਅਦਾ ਕਰੇਗੀ ਜੋ ਰਾਜ ਸਰਕਾਰ ਦੁਆਰਾ ਨਿਸ਼ਚਿਤ ਕੀਤੀ ਜਾਵੇਗੀ।

(4) ਜਿੱਥੋਂ ਤੱਕ ਪੰਚਾਇਤ ਸੰਮਤੀ ਨੂੰ ਇਸ ਧਾਰਾ ਦੇ ਅਧੀਨ ਕੰਮ ਕਰਨ ਦੀ ਲੋੜ ਹੋਵੇਗੀ ਉਨਾ ਚਿਰ ਉਹ ਰਾਜ ਸਰਕਾਰ ਜਾਂ ਇਸ ਸਬੰਧ ਵਿੱਚ ਰਾਜ ਸਰਕਾਰ ਵੱਲੋਂ ਨਿਯੁਕਤ ਅਥਾਰਟੀ ਦੇ ਜਨਰਲ ਕੰਟਰੋਲ ਹੇਠ ਹੋਵੇਗੀ ਅਤੇ ਸਮੇਂ ਸਮੇਂ ਉਸ ਵੱਲੋਂ ਦਿੱਤੇ ਨਿਰਦੇਸ਼ ਦੀ ਪਾਲਣਾ ਕਰੇਗੀ।

## ਗ੍ਰਾਮ ਪੰਚਾਇਤ ਦੇ ਨਾਲ ਪੰਚਾਇਤ ਸੰਮਤੀ ਦਾ ਸੰਬੰਧ

**( ਧਾਰਾ 121)**

(1) ਪੰਚਾਇਤ ਸੰਮਤੀ, ਨਿਰਧਾਰਤ ਤਰੀਕੇ ਨਾਲ, ਆਪ ਦੇ ਅਧਿਕਾਰ ਖੇਤਰ ਹੇਠਲੀਆਂ ਪੰਚਾਇਤਾਂ ਦੇ ਕਿਸੇ ਵੀ ਹਿੱਸੇ ਜਾਂ ਉਸ ਦੇ ਕਿਸੇ ਵੀ ਹਿੱਸੇ ਦੇ ਪ੍ਰਬੰਧਕੀ ਕੰਮ ਦੀ ਕਾਰਗੁਜ਼ਾਰੀ ਤੇ ਨਿਗਰਾਨੀ ਅਤੇ ਨਿਯੰਤ੍ਰਣ ਰੱਖੇਗੀ, ਜੋ ਰਾਜ ਸਰਕਾਰ ਦੁਆਰਾ ਦਰਸਾਏ ਜਾ ਸਕਦੀ ਹੈ ਇਸ ਤਰਤੀਬ ਵਿਚ ਜਾਰੀ ਕੀਤੇ ਹੁਕਮਾਂ ਅਤੇ ਅਜਿਹੀਆਂ ਤਕਨੀਕੀ ਅਤੇ ਵਿੱਤੀ ਸਹਾਇਤਾ ਵੀ ਪ੍ਰਦਾਨ ਕਰ ਸਕਦੀ ਹੈ ਜਿਵੇਂ ਕਿ ਗ੍ਰਾਮ ਪੰਚਾਇਤ ਦੁਆਰਾ ਵਿਕਾਸ ਸਕੀਮਾਂ ਨੂੰ ਲਾਗੂ ਕਰਨ ਲਈ ਲੋੜੀਂਦੀਆਂ ਹੋ ਸਕਦੀਆਂ ਹਨ ਜੋ ਕਿ ਅਜਿਹੇ ਗ੍ਰਾਮ ਪੰਚਾਇਤ ਨੂੰ ਚਲਾਉਣ ਦੇ ਅਧਿਕਾਰ ਤੋਂ ਪਰੇ ਹਨ.

(2) ਆਪਸੀ ਸਹਿਮਤੀ ਦੀਆਂ ਅਜਿਹੀਆਂ ਸ਼ਰਤਾਂ ਅਧੀਨ ਪੰਚਾਇਤ ਸੰਮਤੀ ਹੇਠ ਲਿਖਿਆ ਵਿਚੋਂ ਕੋਈ ਕੰਮ ਕਿਸੇ ਵੀ ਗ੍ਰਾਮ ਪੰਚਾਇਤ ਨੂੰ ਸੌਂਪ ਸਕਦੀ ਹੈ, ਅਰਥਾਤ: -

(i) ਪੰਚਾਇਤ ਸੰਮਤੀ ਦੇ ਸਿੱਧੇ ਪ੍ਰਬੰਧਕੀ ਨਿਯੰਤਰਣ ਅਧੀਨ ਕੋਈ ਵੀ ਮਾਮਲਾ

(ii) ਪੰਚਾਇਤ ਸੰਮਤੀ ਦੇ ਨਿਯੰਤ੍ਰਣ ਜਾਂ ਪ੍ਰਬੰਧ ਅਧੀਨ ਕਿਸੇ ਵੀ ਸੰਪਤੀ ਦੀ ਉਸਾਰੀ, ਰੱਖ-ਰਖਾਵ ਜਾਂ ਸੁਧਾਰ

## ਉਪ-ਨਿਯਮ ਬਣਾਉਣ ਲਈ ਪੰਚਾਇਤ ਸੰਮਤੀ ਦੀਆਂ ਸ਼ਕਤੀਆਂ

**( ਧਾਰਾ 122)**

ਪੰਚਾਇਤ ਸੰਮਤੀ, ਅਤੇ ਜੇ ਰਾਜ ਸਰਕਾਰ ਚਾਹੇ, ਸਮੇਂ ਸਮੇਂ ਤੇ, ਇਸ ਐਕਟ ਦੇ ਉਪਬੰਧਾਂ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਅਨੁਸਾਰ ਸਰਕਾਰੀ ਗਜ਼ਟ ਅਧਿਨਿਯਮ ਦੁਆਰਾ ਨੋਟੀਫਿਕੇਸ਼ਨ ਰਾਹੀਂ, ਸਾਰੇ ਜਾਂ ਕਿਸੇ ਵੀ ਕਾਨੂੰਨ ਦਾ ਮੰਤਵ, ਅਤੇ, ਪੱਖਪਾਤ ਦੇ ਬਿਨਾਂ ਉਪਰੋਕਤ ਸ਼ਕਤੀ ਦੀ ਸਾਧਾਰਣਤਾ ਲਈ ਅਜਿਹੇ ਉਪ-ਨਿਯਮ ਹੇਠ ਲਿਖੇ ਸਾਰੇ ਮਾਮਲਿਆਂ ਲਈ ਵਿਵਸਥਾ ਕਰ ਸਕਦੀ ਹੈ, ਅਰਥਾਤ -

(i) ਪੰਚਾਇਤ ਸੰਮਤੀ ਅਤੇ ਇਸ ਦੀਆਂ ਕਮੇਟੀਆਂ ਦੀਆਂ ਮੀਟਿੰਗਾਂ ਦਾ ਸਮਾਂ ਅਤੇ ਸਥਾਨ ਨਿਸ਼ਚਿਤ ਕਰਨਾ

(ii) ਮੀਟਿੰਗਾਂ ਸੱਦਣ ਅਤੇ ਮੁਲਤਵੀ ਕਰਨ ਲਈ ਦਿੱਤੇ ਜਾਣ ਵਾਲੇ ਨੋਟਿਸ ਦੇ ਤਰੀਕੇ ਨਿਸ਼ਚਿਤ ਕਰਨਾ

(iii) ਮੀਟਿੰਗਾਂ ਵਿਚ ਕਾਰਵਾਈਆਂ ਚਲਾਉਣ ਅਤੇ ਮੀਟਿੰਗਾਂ ਨੂੰ ਮੁਲਤਵੀ ਕਰਨ ਸਬੰਧੀ

(iv) ਸਾਂਝੀ ਮੋਹਰ ਦੀ ਹਿਫਾਜਤ ਅਤੇ ਉਹ ਉਦੇਸ਼ ਜਿਸ ਦੇ ਲਈ ਇਸ ਦੀ ਵਰਤੋਂ ਕੀਤੀ ਜਾਵੇਗੀ

(v) ਐਕਟ ਅਧੀਨ ਵਿਅਕਤੀਆਂ ਦੁਆਰਾ ਪ੍ਰਾਪਤ ਹੋਏ ਪੈਸਿਆਂ ਦੀਆਂ ਰਸੀਦਾਂ, ਇਸ ਐਕਟ ਦੇ ਤਹਿਤ ਪੰਚਾਇਤ ਸੰਮਤੀ ਦੇ ਪੱਖੋ ਪ੍ਰਦਾਨ ਕੀਤੀਆਂ ਜਾਣਗੀਆਂ

(vi) ਪੰਚਾਇਤ ਸੰਮਤੀ ਦੇ ਰਜਿਸਟਰਾਂ, ਦਸਤਾਵੇਜ਼ਾਂ, ਮਤਿਆਂ ਅਤੇ ਯੋਜਨਾਵਾਂ ਦੀ ਜਨਤਾ ਦੁਆਰਾ ਜਾਂਚ ਕੀਤੀ ਜਾ ਸਕਦੀ ਹੈ ਅਤੇ ਸਪਲਾਈ ਕੀਤੀ ਗਈ ਉਸ ਦੀਆਂ ਕਾਪੀਆਂ ਅਤੇ ਅਜਿਹੀਆਂ ਮੁਲਾਂਕਣਾਂ ਲਈ ਜਾਂ ਅਜਿਹੀਆਂ ਕਾਪੀਆਂ ਦੀ ਸਪਲਾਈ ਲਈ ਭੁਗਤਾਨਯੋਗ ਫੀਸ ਨਿਸ਼ਚਿਤ ਕਰਨਾ

(vii) ਕਿਸੇ ਵੀ ਕਮੇਟੀ ਦੀਆਂ ਮੀਟਿੰਗਾਂ ਵਿਚ ਵਪਾਰ ਦੇ ਸੰਚਾਰ ਲਈ ਜ਼ਰੂਰੀ ਕੋਰਮ

(viii) ਪੰਚਾਇਤ ਸੰਮਤੀ ਜਾਂ ਸਥਾਈ ਕਮੇਟੀਆਂ ਦੀਆਂ ਕਾਰਵਾਈਆਂ ਨਾਲ ਸੰਬੰਧਤ ਕੋਈ ਹੋਰ ਮਾਮਲਾ, ਮੀਟਿੰਗ ਵਿਚੋਂ ਪੰਚਾਇਤ ਸੰਮਤੀ ਦੇ ਮੈਂਬਰ ਨੂੰ ਬਾਹਰ ਕੱਢਣਾ ਜਿਸ ਵਿਚ ਕਿਸੇ ਵੀ ਮਸਲੇ ਵਿੱਚ ਉਸ ਦਾ ਵਿੱਤੀ ਹਿੱਤ ਵਿਚਾਰ ਅਧੀਨ ਹੈ, ਮੀਟਿੰਗਾਂ ਦਾ ਨਿਯੰਤ੍ਰਣ ਅਤੇ ਬਹਿਸ, ਕਾਰਵਾਈ ਕਿਤਾਬ ਦਾ ਨਿਰੀਖਣ ਅਤੇ ਮੀਟਿੰਗ ਦੀ ਕਾਰਵਾਈਆਂ ਦੀਆਂ ਕਾਪੀਆਂ ਦੀ ਸਪਲਾਈ ਮੈਂਬਰਾਂ ਜਾਂ ਦੂਜੇ ਵਿਅਕਤੀਆਂ ਲਈ ਅਤੇ ਇਸ ਲਈ ਭੁਗਤਾਨ ਯੋਗ ਫੀਸ

(ix) ਕਾਰਜਕਾਰੀ ਅਫ਼ਸਰ ਤੋਂ ਇਲਾਵਾ ਪੰਚਾਇਤ ਸੰਮਤੀ ਦੇ ਕਿਸੇ ਵੀ ਕਰਮਚਾਰੀ ਦੁਆਰਾ ਪੰਚਾਇਤ ਸੰਮਤੀ ਦੀਆਂ ਸ਼ਕਤੀਆਂ ਦੀ ਵਰਤੋਂ ਕਰਨਾ ਜਾ ਕਿਸੇ ਹੋਰ ਕਨੂੰਨ ਨਾਲ ਲਾਗੂ ਹੋਣ ਦੇ ਸਮੇਂ ਅਤੇ ਹਾਲਤਾਂ ਅਤੇ ਸੀਮਾਵਾਂ ਜਿਸ ਅਧੀਨ ਅਜਿਹੀਆਂ ਸ਼ਕਤੀਆਂ ਵਰਤੋਂ ਕਰਨ ਲਈ ਦਿੱਤੀਆਂ ਜਾ ਸਕਦੀਆਂ ਹਨ।

(x) ਪੰਚਾਇਤ ਸੰਮਤੀ ਦੁਆਰਾ ਸਥਾਈ ਕਮੇਟੀਆਂ ਜਾਂ ਕਿਸੇ ਸਲਾਹਕਾਰ ਕਮੇਟੀ ਦੀ ਨਿਯੁਕਤੀ, ਸ਼ਕਤੀਆਂ ਅਤੇ ਕਾਰਵਾਈਆਂ ਦਾ ਨਿਯੰਤ੍ਰਣ

(xi) ਮੇਲਿਆਂ, ਖੇਤੀਬਾੜੀ ਉਦਯੋਗਿਕ ਪ੍ਰਦਰਸ਼ਨੀਆਂ ਲਈ ਜਗ੍ਹਾ ਦਾ ਪ੍ਰਬੰਧ ਅਤੇ ਸਫਾਈ ਵਿਵਸਥਾ ਦੀ ਸ਼ਰਤਾਂ ਨੂੰ ਕਾਇਮ ਰੱਖਣਾ

(xii) ਇਸ ਐਕਟ ਦੇ ਤਹਿਤ ਲਗਾਈਆਂ ਗਈਆਂ ਫੀਸਾਂ, ਟੈਕਸਾਂ ਅਤੇ ਸੈੱਸਾਂ ਦੀ ਉਗਰਾਹੀ ਅਤੇ ਮੁੱਲਅੰਕਣ

(xiii) ਇਸ ਐਕਟ ਦੇ ਅਧੀਨ ਲਈਆਂ ਜਾ ਸਕਣ ਵਾਲੀਆਂ ਨਿਰਧਾਰਨ ਲਾਇਸੈਂਸ ਫੀਸਾਂ ਅਤੇ ਸ਼ਰਤਾਂ ਜਿਸ ਤੇ ਲਾਇਸੈਂਸ ਜਾਰੀ ਕੀਤੇ ਜਾਣ, ਰੱਦ ਕੀਤੇ ਜਾ ਸਕਦੇ ਹਨ

(xiv) ਪੰਚਾਇਤ ਸੰਮਤੀ ਦੇ ਨਿਰਧਾਰਤ ਅਤੇ ਕਰਤੱਵਾਂ ਦੇ ਨਿਯਮ 119, 120 ਅਤੇ 121 ਵਿਚ ਰੱਖੇ ਜਾਣ, ਪ੍ਰਬੰਧ ਅਤੇ ਨਿਯੰਤਰਣ

(xv) ਪੰਚਾਇਤ ਸੰਮਤੀ ਜਾਂ ਰਾਜ ਸਰਕਾਰ ਦੀ ਜਾਇਦਾਦ ਜੋ ਪੰਚਾਇਤ ਸੰਮਤੀ ਦੇ ਅਧਿਕਾਰ ਖੇਤਰ ਵਿੱਚ ਅਉਂਦੀ ਹੈ ਨੂੰ ਨੁਕਸਾਨ ਪਹੁੰਚਾਉਣ, ਦਖਲਅੰਦਾਜੀ ਤੋਂ ਸੁਰੱਖਿਆ, ਸਾਂਭ-ਸੰਭਾਲ ਅਤੇ ਨਿਗਰਾਨੀ

xvi) ਜਨਤਕ ਬਾਜ਼ਾਰ ਵਿਚ ਪਸ਼ੂਆਂ ਦੀ ਵਿਕਰੀ ਰਜਿਸਟਰ ਕਰਨ ਲਈ ਵਿਅਕਤੀਆਂ ਦੀ ਨਿਯੁਕਤੀ ਅਤੇ ਉਹਨਾਂ ਦੁਆਰਾ ਤੈਅ ਕੀਤੀਆਂ ਫੀਸਾਂ ਨਿਰਧਾਰਤ ਕਰਨ ਲਈ

(xvii) ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦੀ ਵਿਕਰੀ

(xviii) ਗੱਡੀਆਂ ਦੇ ਰਜਿਸਟਰੇਸ਼ਨ ਅਤੇ ਲਾਈਸੈਂਸ ਦੇਣਾ, ਮੋਟਰ ਵਾਹਨ ਜਾਂ ਬੈਲ ਗੱਡੀਆਂ ਤੋਂ ਇਲਾਵਾ ਅਤੇ ਉਹ ਸ਼ਰਤਾਂ ਜਿਨ੍ਹਾਂ 'ਤੇ ਅਜਿਹੇ ਲਾਇਸੈਂਸਾ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ ਅਤੇ ਅਜਿਹੇ ਵਾਹਨ ਦੇ ਆਵਾਜਾਈ ਦੇ ਨਿਯਮ

(xix) ਗਲੀਆਂ ਤੇ ਸੜਕਾਂ ਦੇ ਨੁਕਸਾਨ ਅਤੇ ਨਜਾਇਜ਼ ਕਬਜਿਆਂ ਤੋਂ ਸੁਰੱਖਿਆ, ਖਤਰਿਆਂ ਅਤੇ ਅਚਾਨਕ ਖਤਰਨਾਕ ਢਾਂਚੇ, ਬੇਢੰਗੇ, ਛੁਪੀਆਂ ਹੋਈਆਂ ਅਤੇ ਅਣਡਿੱਠੀਆਂ ਖੂਹਾਂ, ਡਿੱਗਣ ਵਾਲੇ ਰੁੱਖਾਂ ਅਤੇ ਖੁਲੀਆਂ ਨਾਲੀਆਂ/ਨਦੀਆਂ ਤੋਂ ਜਨਤਾ ਦੀ ਸੁਰੱਖਿਆ

(xx) ਖੁਲੇ ਮੈਦਾਨ ਅਤੇ ਚਰਾਂਦਾਂ ਦਾ ਪ੍ਰਬੰਧ ਅਤੇ ਸੁਧਾਰ

(xxi) ਪਸ਼ੂਆਂ, ਭੇਡਾਂ ਅਤੇ ਬੱਕਰੀਆਂ ਦੇ ਪ੍ਰਜਨਨ ਅਤੇ ਪਸ਼ੂ ਰੋਗਾਂ ਦੀ ਰੋਕਥਾਮ ਵਿੱਚ ਸੁਧਾਰ.

(xxii) ਝਰਨੇ, ਟੈਂਕ, ਛੱਪੜਾ ਅਤੇ ਇਸ ਤਰ੍ਹਾਂ ਦੀ ਸਾਫ ਸਫਾਈ ਅਤੇ ਸੁਰੱਖਿਆ

(xxiii) ਕਬਰਸਥਾਨ ਤੇ ਸ਼ਮਸ਼ਾਨਘਾਟਾਂ ਦਾ ਪ੍ਰਬੰਧ ਅਤੇ ਨਿਗਰਾਨੀ

(xxiv) ਵਾਹਨਾਂ ਦਾ ਨਿਯੰਤਰਣ

(xxv) ਮੱਛਰ ਨੂੰ ਖਤਮ ਕਰਨਾ ਅਤੇ ਹੋਰ ਮਲੇਰੀਆ ਵਿਰੋਧੀ ਕਦਮ ਚੁੱਕਣਾ

(xxvi) ਚੂਹੇ, ਟਿੱਡੀਆਂ ਅਤੇ ਹੋਰ ਕੀੜਿਆਂ ਨੂੰ ਖਤਮ ਕਰਨਾ, ਅਵਾਰਾ ਕੁੱਤਿਆਂ ਦਾ ਨਿਪਟਾਰਾ ਅਤੇ ਹਲਕਾਅ ਵਿਰੋਧੀ ਕਦਮ ਚੁੱਕਣੇ

(xxvii) ਰਿਹਾਇਸ਼ੀ ਸੁਧਾਰ ਜਿਵੇਂ ਕਿ ਰੌਸ਼ਨਦਾਨ, ਖਿੜਕੀਆਂ ਅਤੇ ਹੋਰ ਟੀ. ਬੀ ਕੰਟਰੋਲ ਉਪਾਅ

(xxviii) ਖੇਡ ਮੈਦਾਨਾਂ ਅਤੇ ਮਨੋਰੰਜਨ ਪਾਰਕਾ ਦਾ ਪ੍ਰਬੰਧ ਕਰਨਾ ਅਤੇ ਸਰੀਰਕ ਸਭਿਆਚਾਰ ਦੀਆਂ ਗਤੀਵਿਧੀਆਂ ਨੂੰ ਉਤਸ਼ਾਹ ਕਰਨਾ

(xxix) ਪੰਚਾਇਤ ਸੰਮਤੀ ਖੇਤਰ ਦੀਆਂ ਸੀਮਾਵਾਂ ਦੇ ਅੰਦਰ ਅਵਾਰਾ ਜਾਨਵਰਾਂ ਨੂੰ ਜ਼ਬਤ ਕਰਨਾ ਅਤੇ ਨਿਪਟਾਰਾ ਕਰਨਾ

(xxx) ਤਲਾਅ, ਸਰਾਵਾਂ, ਬੇਕਰੀ, ਧੂੰਆ ਰਹਿਤ ਚੂਲੇ, ਫੈਕਟਰੀਆਂ, ਆਟਾ ਮਿੱਲਾਂ, ਅਨਾਜ ਗੋਦਾਮਾਂ, ਕਸਾਈ ਘਰਾਂ, ਧੋਬੀ-ਘਾਟਾਂ, ਮਾਰਕੀਟ ਅਤੇ ਸਟਾਲਾਂ ਦਾ ਨਿਰੀਖਣ ਅਤੇ ਨਿਯਮਬੱਧ ਕਰਨਾ

(xxxi) ਉਹ ਥਾਵਾਂ ਜਿਵੇਂ ਕਿ ਸਟੈਪਲ, ਗਊ-ਘਰ ਜਾਂ ਘਰਾਂ ਜਾਂ ਭੇਡਾਂ ਅਤੇ ਬੱਕਰੀਆਂ ਦੇ ਵਾੜਿਆਂ ਦਾ ਨਿਰੀਖਣ ਅਤੇ ਨਿਯਮਬੱਧ ਕਰਨਾ

(xxxii) ਛੂਤ ਵਾਲੀ ਬੀਮਾਰੀਆਂ ਤੋਂ ਪੀੜਤ ਵਿਅਕਤੀਆਂ ਦੇ ਨਿਵਾਸ ਜਾਂ ਇਲਾਜ ਲਈ ਆਮ ਤੌਰ ਤੇ ਵਰਤੀਆਂ ਗਈਆਂ ਇਮਾਰਤਾਂ ਦਾ ਨਿਰੀਖਣ ਅਤੇ ਨਿਯਮਬੱਧ ਕਰਨਾ

(2) ਇਸ ਸੈਕਸ਼ਨ ਹੇਠ ਬਣਾਏ ਗਏ ਉਪ-ਨਿਯਮ ਪਿਛਲੇ ਪ੍ਰਕਾਸ਼ਨ ਦੇ ਅਧੀਨ ਹੋਣਗੇ

## ਉਪ-ਨਿਯਮਾਂ ਦੀ ਉਲੰਘਣਾ ਤੇ ਸਜਾ

**( ਧਾਰਾ 123 )**

ਕਿਸੇ ਵੀ ਉਪ-ਨਿਯਮ ਬਣਾਉਂਦਿਆਂ ਪੰਚਾਇਤ ਸੰਮਤੀ ਇਹ ਆਦੇਸ਼ ਕਰ ਸਕਦੀ ਹੈ ਕਿ ਉਸ ਦੀ ਉਲੰਘਣਾ ਕਰਨ ਤੇ ਪੰਜ ਸੌ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ। ਪਹਿਲੀ ਉਲੰਘਣਾ ਤੋਂ ਬਾਅਦ ਜਿੰਨੇ ਸਮੇਂ ਲਈ ਉਲੰਘਣਾ ਹੁੰਦੀ ਰਹੇਗੀ ਓਨਾ ਸਮਾਂ ਹਰੇਕ ਦਿਨ ਲਈ ਹੋਰ ਜੁਰਮਾਨੇ ਦੀ ਸਜਾ ਹੋ ਸਕਦੀ ਹੈ, ਹਾਲਾਂਕਿ ਇਹ ਕੁੱਲ ਮਿਲਾ ਕੇ ਪੰਜ ਸੌ ਰੁਪਏ ਤੋਂ ਵੱਧ ਨਹੀਂ ਹੋਵੇਗੀ।

## ਪੰਚਾਇਤ ਸੰਮਤੀ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਤੇ ਸਜਾ

**( ਧਾਰਾ 124)**

ਜੇਕਰ ਕੋਈ ਵੀ, ਪੰਚਾਇਤ ਸੰਮਤੀ ਵਲੋਂ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਹੇਠ ਉਸ ਨੂੰ ਮਿਲੇ ਅਧਿਕਾਰਾ ਅਧੀਨ ਕਾਰਜਕਾਰੀ ਅਫਸਰ ਵਲੋਂ ਲਿਖਤੀ ਨੋਟਿਸ ਰਾਂਹੀ ਜਾਰੀ ਕੀਤੀ ਗਈ ਕੋਈ ਕਾਨੂੰਨੀ ਹਦਾਇਤ ਜਾਂ ਮਨਾਹੀ ਦੇ ਹੁਕਮਾਂ ਦੀ ਪਾਲਣਾ ਨਹੀਂ ਕਰਦਾ ਜਾਂ ਉਨ੍ਹਾਂ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦਾ ਹੈ ਜਾਂ ਜਿਹੜੀ ਵੀ ਕੋਈ ਪੰਚਾਇਤ ਸੰਮਤੀ ਜਾਂ ਚੇਅਰਮੈਨ ਜਾਂ ਕਾਰਜਕਾਰੀ ਅਫਸਰ ਵਲੋਂ ਆਪਣੀ ਤਰਫੋਂ ਉਸ ਨੂੰ ਮਿਲੇ ਅਧਿਕਾਰਾਂ ਰਾਂਹੀ ਦਿੱਤੀ ਛੋਟ ਤੋਂ ਬਿਨ੍ਹਾਂ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਨਾਕਾਮ ਰਹਿੰਦਾ ਹੈ, ਤਾਂ ਉਸ ਨੂੰ ਜੇਕਰ ਇਸ ਐਕਟ ਦੇ ਕਿਸੇ ਵੀ ਹੋਰ ਉਪਬੰਧ ਅਧੀਨ ਸਜਾ ਨਹੀਂ ਦਿੱਤੀ ਜਾ ਸਕਦੀ ਜਾਂ ਉਸ ਨੂੰ 500/- ਰੁਪਏ ਜੁਰਮਾਨੇ ਤੱਕ ਦੀ ਸਜਾ ਕੀਤੀ ਜਾ ਸਕਦੀ ਹੈ ਅਤੇ ਅਜਿਹੀ ਪਹਿਲੀ ਉਲੰਘਣਾ ਤੋਂ ਬਾਅਦ ਉਲੰਘਣਾ ਜਾਰੀ ਰਹਿਣ ਦੇ ਬਾਕੀ ਸਮੇਂ ਲਈ ਪੰਜ ਰੁਪਏ ਪ੍ਰਤੀ ਦਿਨ ਜੁਰਮਾਨਾ ਕੀਤਾ ਜਾ ਸਕਦਾ ਹੈ, ਪਰ ਕੁੱਲ ਮਿਲਾ ਕੇ ਇਹ ਜੁਰਮਾਨਾ ਪੰਜ ਸੌ ਰੁਪਏ ਤੋਂ ਵੱਧ ਨਹੀਂ ਹੋਣਾ ਚਾਹੀਦਾ।

ਨੁਕਸਾਨ ਲਈ ਮੁਆਵਜ਼ਾ

( ਧਾਰਾ 125)

ਇਸ ਐਕਟ ਅਧੀਨ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਏ ਹੋਏ ਵਿਅਕਤੀ, ਉਸ ਸਜ਼ਾ ਦੇ ਬਾਵਜੂਦ, ਉਸ ਨੂੰ ਅਜਿਹੇ ਅਪਰਾਧ ਲਈ ਸਜ਼ਾ ਦਿੱਤੀ ਜਾ ਸਕਦੀ ਹੈ, ਮੁਆਵਜ਼ੇ ਦਾ ਭੁਗਤਾਨ ਕਰ ਸਕਦਾ ਹੈ, ਜਿਸ ਦੀ ਰਕਮ ਮੈਜਿਸਟ੍ਰੇਟ ਦੁਆਰਾ ਨਿਰਧਾਰਤ ਕੀਤੀ ਜਾਵੇਗੀ, ਜਿਸ ਤੋਂ ਪਹਿਲਾਂ ਉਹ ਪੰਚਾਇਤ ਸੰਮਤੀ ਨੂੰ ਪੰਚਾਇਤ ਸੰਮਤੀ ਦੇ ਕਿਸੇ ਵੀ ਜਾਇਦਾਦ ਨੂੰ ਅਜਿਹੇ ਕਾਨੂੰਨ ਜਾਂ ਗ਼ਲਤੀ ਦੇ ਨਤੀਜੇ ਵੱਜੋਂ ਸਾਹਮਣੇ ਆਏ ਕਿਸੇ ਵੀ ਨੁਕਸਾਨ ਲਈ ਇਸ ਤਰ੍ਹਾਂ ਦੋਸ਼ੀ ਕਰਾਰ ਦਿੱਤਾ ਗਿਆ ਸੀ.

## ਰੁਕਾਵਟਾਂ ਲਈ ਸਜਾ

**( ਧਾਰਾ 126)**

ਜੇ ਕੋਈ ਵਿਅਕਤੀ, ਕਰਮਚਾਰੀ ਕੋਈ ਅਧਿਕਾਰਤ ਵਿਅਕਤੀਆਂ ਨੂੰ ਇਸ ਐਕਟ ਦੁਆਰਾ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰਨ ਵਿਚ ਰੁਕਾਵਟ ਪਾਉਂਦਾ ਹੈ, ਤਾਂ ਉਸ ਨੂੰ 50/- ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ.

### ਮੁਕੱਦਮਾ ਚਲਾਉਣਾ

**( ਧਾਰਾ 127)**

ਜੇਕਰ ਕੋਈ ਹੋਰ ਵਿਵਸਥਾ ਨਾ ਹੋਵੇ ਤਾਂ, ਕੋਈ ਵੀ ਅਦਾਲਤ ਇਸ ਐਕਟ ਅਧੀਨ ਬਣਾਏ ਕਿਸੇ ਨਿਯਮ ਜਾਂ ਉਪ-ਨਿਯਮ ਅਧੀਨ ਸਜਾ-ਯੋਗ ਜੁਰਮ ਦੇ ਬਾਰੇ ਪੰਚਾਇਤ ਸੰਮਤੀ ਜਾਂ ਇਸ ਸਬੰਧੀ ਪੰਚਾਇਤ ਸੰਮਤੀ ਵਲੋਂ ਅਧਿਕਾਰਤ ਵਿਅਕਤੀ ਜਾਂ ਕਾਰਜਕਾਰੀ ਅਫਸਰ ਵਲੋਂ ਕੀਤੀ ਸ਼ਿਕਾਇਤ ਜਾਂ ਦਿੱਤੀ ਸੂਚਨਾਂ ਤੋਂ ਬਿਨ੍ਹਾਂ ਮੁਕੱਦਮਾ ਨਹੀਂ ਚਲਵਾਏਗੀ।

## ਮੁਆਵਜ਼ੇ ਦਾ ਭੁਗਤਾਨ

**( ਧਾਰਾ 128)**

ਪੰਚਾਇਤ ਸੰਮਤੀ ਕਿਸੇ ਅਜਿਹੇ ਵਿਅਕਤੀ ਨੂੰ ਜਿਸ ਨੂੰ ਇਸ ਐਕਟ ਅਧੀਨ ਪੰਚਾਇਤ ਸੰਮਤੀ ਜਾਂ ਇਸ ਦੇ ਕਰਮਚਾਰੀਆਂ ਕੋਲੋ ਕਿਸੇ ਅਧਿਕਾਰਾਂ ਦੀ ਵਰਤੋਂ ਕਰਦੇ ਸਮੇਂ ਨੁਕਸਾਨ ਹੋ ਜਾਂਦਾ ਹੈ ਜਾਂ ਚੋਟ ਲੱਗ ਜਾਂਦੀ ਹੈ ਅਤੇ ਜਦੋਂ ਅਜਿਹਾ ਨੁਕਸਾਨ ਜਾਂ ਚੋਟ ਪੰਚਾਇਤ ਸੰਮਤੀ ਜਾਂ ਇਸ ਦੇ ਕਿਸੇ ਕਰਮਚਾਰੀ ਦੀ ਅਣਗਿਹਲੀ ਕਾਰਨ ਹੁੰਦਾ ਹੈ ਅਤੇ ਜਿਸ ਵਿਅਕਤੀ ਦਾ ਨੁਕਸਾਨ ਹੁੰਦਾ ਹੈ ਜਾਂ ਚੋਟ ਲੱਗਦੀ ਹੈ ਉਸ ਸ਼ਕਤੀ ਦੀ ਵਰਤੋਂ ਕਰਦੇ ਸਮੇਂ ਉਸ ਮਾਮਲੇ ਵਿੱਚ ਉਸ ਦਾ ਕੋਈ ਕਸੂਰ ਨਹੀਂ ਹੁੰਦਾ ਤਾਂ ਮੁਆਵਜਾ ਪੰਚਾਇਤ ਸੰਮਤੀ ਦੇ ਫੰਡ ਵਿੱਚੋਂ ਦੇ ਸਕਦੀ ਹੈ।

## ਪੰਚਾਇਤ ਸਮਿਤੀ ਦੁਆਰਾ ਵਸੂਲੀਯੋਗ ਰਕਮ ਦੀ ਵਸੂਲੀ ਲਈ ਅਧਿਕਾਰ

**( ਧਾਰਾ 129)**

(1) ਸੈਕਸ਼ਨ 153 ਵਿਚ ਦਿੱਤੀ ਗਈ ਇਸ ਸ਼ਰਤ ਦੇ ਤਹਿਤ ਪੰਚਾਇਤ ਸੰਮਤੀ ਵਲੋਂ ਵਸੂਲੀਯੋਗ ਸਾਰੀਆਂ ਰਕਮਾਂ ਉਹ ਜ਼ਿਲ੍ਹੇ ਦੇ ਅਧਿਕਾਰ ਖੇਤਰ ਵਾਲੇ ਕਿਸੇ ਮੈਜਿਸਟਰੇਟ ਜਾਂ ਕਿਸੇ ਹੋਰ ਜਗ੍ਹਾ ਜਿੱਥੇ ਉਹ ਵਿਅਕਤੀ ਜਿਸ ਤੋਂ ਰਕਮ ਵਸੂਲੀ ਜਾਣੀ ਹੈ ਰਹਿੰਦਾ ਹੋਵੇ, ਨੂੰ ਦਰਖਾਸਤ ਦੇ ਕੇ ਜਾ ਇਸ ਅਧਿਕਾਰ ਖੇਤਰ ਵਿੱਚ ਪੈਂਦੀ ਸਬੰਧਤ ਵਿਅਕਤੀ ਦੀ ਜਾਇਦਾਦ ਵੇਚ ਕੇ ਵਸੂਲੀ ਕੀਤੀ ਜਾ ਸਕਦੀ ਹੈ ਅਤੇ ਅਜਿਹੀਆਂ ਕਾਰਵਾਈਆ ਦਾ ਖਰਚਾ ਦੱਸੀ ਗਈ ਰਕਮ ਵਸੂਲਣ ਦੇ ਤਰੀਕੇ ਅਨੁਸਾਰ ਹੀ ਵਸੂਲਿਆ ਜਾ ਸਕਦਾ ਹੈ।

(2) ਉਪ-ਸੈਕਸ਼ਨ (1) ਅਧੀਨ ਦਿੱਤੀ ਗਈ ਅਰਜ਼ੀ ਲਿਖਤੀ ਰੂਪ ਵਿਚ ਹੋਵੇਗੀ ਅਤੇ ਪੰਚਾਇਤ ਸੰਮਤੀ ਦੇ ਕਾਰਜਕਾਰੀ ਅਧਿਕਾਰੀ ਦੁਆਰਾ ਦਸਤਖ਼ਤ ਕੀਤੇ ਜਾਣਗੇ ਪਰ ਇਹ ਵਿਅਕਤੀਗਤ ਤੌਰ 'ਤੇ ਇਸਨੂੰ ਪੇਸ਼ ਕਰਨ ਦੀ ਜ਼ਰੂਰਤ ਨਹੀਂ ਹੋਵੇਗੀ

# ਪੰਚਾਇਤ ਸੰਮਤੀ ਦੇ ਅਧਿਕਾਰ ਸੌਂਪਣ ਦੀ ਸ਼ਕਤੀ

**( ਧਾਰਾ 130)**

(1) ਇਸ ਐਕਟ ਵਿੱਚ ਕਿਸੇ ਉਪਬੰਧ ਦੇ ਹੁੰਦੇ ਹੋਇਆ ਵੀ ਪੰਚਾਇਤ ਸੰਮਤੀ ਮਤੇ ਰਾਂਹੀ, ਉਪ-ਨਿਯਮ ਬਣਾਉਣ ਦੇ ਅਧਿਕਾਰਾ ਤੋਂ ਇਲਾਵਾ ਇਸ ਐਕਟ ਅਧੀਨ ਪੰਚਾਇਤ ਸੰਮਤੀ ਨੂੰ ਦਿੱਤੇ ਗਏ ਸਾਰੇ ਜਾਂ ਕੁੱਝ ਅਧਿਕਾਰਾ ਨੂੰ ਚੇਅਰਮੈਨ ਜਾਂ ਉਪ-ਚੇਅਰਮੈਨ, ਕਾਰਜਕਾਰੀ ਅਫ਼ਸਰ ਜਾਂ ਪੰਚਾਇਤ ਸੰਮਤੀ ਜਾਂ ਰਾਜ ਸਰਕਾਰ ਦੇ ਕਿਸੇ ਕਰਮਚਾਰੀ ਨੂੰ ਸੌਂਪ ਸਕਦੀ ਹੈ।

(2) ਚੇਅਰਮੈਨ, ਲਿਖਤੀ ਰੂਪ ਵਿਚ ਹੁਕਮ ਜਾਰੀ ਕਰਕੇ ਕੋਈ ਵੀ ਆਪਣੇ ਅਧਿਕਾਰ ਤੇ ਕੰਮ ਉਪ-ਚੇਅਰਮੈਨ ਨੂੰ ਸੌਂਪ ਸਕਦਾ ਹੈ.

(3) ਇਸ ਧਾਰਾ ਅਧੀਨ ਦਿੱਤਾ ਗਿਆ ਹਰ ਹੁਕਮ ਪੰਚਾਇਤ ਸੰਮਤੀ ਨੂੰ ਭੇਜਿਆ ਜਾਵੇਗਾ

(4) ਚੇਅਰਮੈਨ ਉਪ-ਧਾਰਾ (1) ਅਧੀਨ ਉਪ-ਚੇਅਰਮੈਨ ਨੂੰ ਸੌਂਪੇ ਗਏ ਕਿਸੇ ਵੀ ਅਧਿਕਾਰ ਜਾਂ ਕੰਮ ਦੀ ਸੋਧ ਕਰਨ ਜਾਂ ਉਸ ਨੂੰ ਵਾਪਸ ਲੈਣ ਦਾ ਅਧਿਕਾਰੀ ਹੈ

## ਸੰਯੁਕਤ ਕੰਮ ਅਤੇ ਜਿੰਮੇਵਾਰੀਆਂ

**( ਧਾਰਾ 131)**

ਪੰਚਾਇਤ ਸੰਮਤੀ ਕਿਸੇ ਕੰਮ, ਕੰਮ ਕਰਨ ਵਾਲੀ ਸੰਸਥਾ ਜੋ ਸੇਵਾ ਵਿੱਚ ਆਪਣਾ ਯੋਗਦਾਨ ਪਾ ਸਕਦੀ ਹੈ ਜਿਸ ਨਾਲ ਪੰਚਾਇਤ ਸੰਮਤੀ ਦੇ ਅਧਿਕਾਰ ਖੇਤਰ ਹੇਠਲੇ ਇਲਾਕੇ ਨੂੰ ਫਾਇਦਾ ਹੁੰਦਾ ਹੋਵੇ, ਭਾਵੇਂ ਅਜਿਹਾ ਕੰਮ, ਸੰਸਥਾ ਜਾਂ ਸੇਵਾ ਵਲੋਂ ਸ਼ੁਰੂ ਕੀਤਾ ਜਾਂ ਬਰਕਰਾਰ ਰੱਖਿਆ ਜਾਂਦਾ ਹੈ। ਪੰਚਾਇਤ ਸੰਮਤੀ ਇਸ ਵਿੱਚ ਉਨੀ ਹੀ ਰਕਮ ਦਾ ਯੋਗਦਾਨ ਪਾਵੇਗੀ ਜਿਨ੍ਹਾਂ ਉਸ ਨੂੰ ਜਾਪੇ ਕਿ ਉਸ ਤੋਂ ਹੋਣ ਵਾਲੇ ਲਾਭ ਦੇ ਲਿਹਾਜ ਨਾਲ ਠੀਕ ਹੈ।

## ਜ਼ਮੀਨ ਪ੍ਰਾਪਤ ਕਰਨਾ ਅਤੇ ਹੋਰ ਅਚਲ ਜਾਇਦਾਦ

**( ਧਾਰਾ 132)**

